# ਇੱਕ ਕੈਦੀ

…ਇੱਥੇ ਦੁਬਾਰਾ, ਪ੍ਰਭੂ ਯਿਸੂ ਦੇ ਨਾਮ ਵਿੱਚ, ਅਤੇ ਉਹਨਾਂ ਮਹਾਨ ਅਤੇ ਸ਼ਕਤੀਸ਼ਾਲੀ ਕੰਮਾਂ ਬਾਰੇ ਸੁਣਨ ਲਈ ਜੋ ਤੁਸੀਂ, ਪਹਿਲਾਂ ਕੀਤੇ ਹਨ। ਅਤੇ ਹੁਣ ਅਸੀਂ ਆਸ ਨਾਲ ਖੜੇ ਹਾਂ, ਸਾਡੇ ਵਿਸ਼ਵਾਸ ਨੂੰ ਵਧਾਉਂਦਾ ਹੈ ਅਤੇ ਸਾਨੂੰ ਮਸਹ ਕਰਦਾ ਹੈ, ਇਹ ਵਿਸ਼ਵਾਸ ਕਰਨ ਲਈ ਕਿ ਜੋ ਅੱਜ ਰਾਤ ਮੰਗਿਆ ਗਿਆ ਹੈ ਉਹ ਦਿੱਤਾ ਜਾਵੇਗਾ। ਤੁਸੀਂ ਉਹਨਾਂ ਵਿਚੋਂ ਹਰੇਕ ਨੂੰ ਜਾਣਦੇ ਹੋ, ਜੋ ਕੁਝ ਉਹਨਾਂ ਨੇ ਮੰਗਿਆ ਹੈ। ਅਤੇ ਅਸੀਂ ਉਨ੍ਹਾਂ ਲਈ ਪ੍ਰਾਰਥਨਾ ਕਰਦੇ ਹਾਂ, ਖਾਸ ਤੌਰ ਤੇ, ਪ੍ਰਭੂ, ਜਿਹੜੇ ਮੌਤ ਦੇ ਨੇੜੇ ਹਨ। ਉਨ੍ਹਾਂ ਦੀ ਆਤਮਾ ਨੂੰ ਸ਼ਾਂਤੀ ਦਿਓ ਜੇਕਰ ਇਹ ਪਹਿਲਾਂ ਤੋਂ ਮੌਜੂਦ ਨਹੀਂ ਹੈ। ਉਨ੍ਹਾਂ ਦੇ ਸਰੀਰ ਨੂੰ ਤੰਦਰੁਸਤੀ ਦਿਓ। ਇਹ ਬਖਸ਼ੋ, ਪ੍ਰਭੂ।

2 ਸਾਡੇ ਇਕੱਠੇ ਹੋਣ ਨੂੰ ਅਸੀਸ ਦਿਓ। ਅਸੀਂ—ਅਸੀਂ ਪ੍ਰਾਰਥਨਾ ਕਰਦੇ ਹਾਂ, ਪ੍ਰਭੂ, ਇਸ ਬੁੱਧਵਾਰ ਰਾਤ ਦੀ ਪ੍ਰਾਰਥਨਾ ਸਭਾ ਵਿੱਚ, ਕਿ, ਜੱਦ ਅਸੀਂ ਇਕੱਠੇ ਹੋਏ ਹਾਂ, ਇਹ ਜਾਣਦੇ ਹੋਏ ਕਿ ਜਿੱਥੇ ਵੀ ਦੋ ਜਾਂ ਦੋ ਤੋਂ ਵੱਧ ਇਕੱਠੇ ਹੁੰਦੇ ਹਨ, ਤੁਸੀਂ ਸਾਡੇ ਨਾਲ ਹੋਵੋਗੇ। ਅਤੇ ਅਸੀਂ ਤੁਹਾਥੋਂ ਮੰਗਦੇ ਹਾਂ, ਪ੍ਰਭੂ, ਸਾਨੂੰ ਅੱਜ ਰਾਤ ਨੂੰ ਆਪਣਾ ਵਚਨ ਦਿਓ। ਸਾਡੇ ਨਾਲ ਗੱਲ ਕਰੋ, ਹੇ ਪ੍ਰਭੂ, ਅਤੇ ਸਾਡੇ ਦਿਲਾਂ ਨੂੰ ਸਰਗਰਮ ਕਰੋ, ਅਚਰਜ ਢੰਗ ਨਾਲ, ਤਾਂ ਜੋ ਅਸੀਂ ਜਾਣਾਂਗੇ ਕਿ ਅੱਗੇ ਆਉਣ ਵਾਲੇ ਮਹਾਨ ਸਮੇਂ ਲਈ ਆਪਣੇ ਆਪ ਨੂੰ ਕਿਵੇਂ ਅਨੁਸ਼ਾਸਿਤ ਕਰਨਾ ਹੈ, ਜਿਵੇਂ ਅਸੀਂ ਵਿਸ਼ਵਾਸ ਕਰਦੇ ਹਾਂ ਕਿ ਅਸੀਂ ਪ੍ਰਭੂ ਦੀ ਆਮਦ ਦੇ ਨੇੜੇ ਹਾਂ।

3 ਅਸੀਂ ਤੁਹਾਡਾ ਧੰਨਵਾਦ ਕਰਦੇ ਹਾਂ ਕਿ ਲੋਕ ਹੁਣ ਉਨ੍ਹਾਂ ਲਈ ਵਿਸ਼ਵਾਸ ਨੂੰ ਪਿਆਰਾ ਸਮਝਣ ਲੱਗ ਪਏ ਹਨ, ਅਤੇ ਇਹ ਜਾਣਦੇ ਹਨ ਕਿ ਵਿਸ਼ਵਾਸ ਦਾ ਕੀ ਅਰਥ ਹੈ। ਅਤੇ ਇਹ ਜਾਣਦੇ ਹੋਏ, ਏਥੋਂ ਤਕ ਕਿ ਅੱਗੇ ਆਉਣ ਵਾਲੀਆਂ ਸਭਾਵਾਂ ਲਈ ਤੁਹਾਡਾ ਧੰਨਵਾਦ ਕਰ ਰਹੇ ਹਨ, ਇਹ ਵਿਸ਼ਵਾਸ ਕਰਦੇ ਹੋਏ ਕਿ ਤੁਸੀਂ ਕੁਝ ਕਰਨ ਜਾ ਰਹੇ ਹੋ। ਹੇ ਪ੍ਰਭੂ, ਅਸੀਂ ਪੁਰਾਣੇ ਦਿਨਾਂ ਵਾਂਗ, ਆਸ ਨਾਲ ਉਡੀਕਦੇ ਹਾਂ, ਇਹ ਵਿਸ਼ਵਾਸ ਕਰਦੇ ਹੋਏ ਕਿ ਉਹ ਸਮਾਂ ਨੇੜੇ ਹੈ ਜਦੋਂ ਤੁਸੀਂ ਸਵਰਗ ਦੀਆਂ ਖਿੜਕੀਆਂ ਨੂੰ ਖੋਲਣ ਜਾ ਰਹੇ ਹੋ ਅਤੇ ਉਨ੍ਹਾਂ ਵਾਅਦਿਆਂ ਨੂੰ ਡੋਲ੍ਹ ਦਿਓਗੇ ਜਿਨ੍ਹਾਂ ਦਾ ਪਰਮੇਸ਼ੁਰ ਨੇ ਇਸ ਆਖ਼ਰੀ ਦਿਨ ਵਿੱਚ ਵਾਅਦਾ ਕੀਤਾ ਹੈ।

4 ਹੁਣ ਅਸੀਂ ਤੁਹਾਨੂੰ ਬੇਨਤੀ ਕਰਦੇ ਹਾਂ, ਪ੍ਰਭੂ, ਸਭਨਾਂ ਦੇ—ਦੇ ਨਾਲ ਹੋਣ

ਲਈ, ਦੇਸ਼ਾਂ ਦੇ ਆਲੇ ਦੁਆਲੇ, ਜਿਵੇਂ ਅੱਜ ਅਸੀਂ ਆਲੇ-ਦੁਆਲੇ ਬਹੁਤ ਸਾਰਿਆਂ ਨੂੰ ਸੁਣਿਆ ਹੈ, ਹਰ ਜਗ੍ਹਾ, ਜੋ ਜਰੂਰਤਮੰਦ ਹਨ। ਉਹਨਾਂ ਨੂੰ ਉਹਨਾਂ ਦੀਆਂ ਬੇਨਤੀਆਂ ਪ੍ਰਦਾਨ ਕਰੋ, ਪ੍ਰਭੂ। ਅਤੇ ਅਸੀਂ ਪਰਮੇਸ਼ੁਰ ਦਾ—ਦਾ ਮਹਾਨ ਹੱਥ ਉਹਨਾਂ ਲੋਕਾਂ ਵਿੱਚ ਜੋ ਇਸ ਮਹਾਨ ਚੀਜ਼ ਦੀ ਭਾਲ ਕਰ ਰਹੇ ਹਨ ਸਾਰੇ ਸੰਸਾਰ ਵਿੱਚ ਘੁੰਮਦਾ ਵੇਖਣ ਲਈ ਪ੍ਰਾਰਥਨਾ ਕਰਦੇ ਹਾਂ।

5 ਸਾਡੇ ਪਾਪ ਸਾਨੂੰ ਮਾਫ਼ ਕਰੋ। ਸਾਨੂੰ ਤਾੜਨਾ ਦਿਓ, ਪ੍ਰਭੂ, ਆਪਣੀ ਆਤਮਾ ਅਤੇ ਆਪਣੇ ਵਚਨ ਨਾਲ, ਤਾਂ ਜੋ ਅਸੀਂ ਆਪਣੇ ਆਪ ਨੂੰ, ਆਗਿਆਕਾਰੀ ਸੇਵਕਾਂ ਵਜੋਂ ਅਨੁਸ਼ਾਸਿਤ ਕਰ ਸਕੀਏ, ਪਰਮੇਸ਼ੁਰ ਦੀ ਇੱਛਾ ਵਿੱਚ ਆਗਿਆਕਾਰੀ ਸੇਵਕ। ਅਸੀਂ ਯਾਦ ਰੱਖੀਏ, ਅਤੇ ਆਪਣੇ ਦਿਲਾਂ ਵਿੱਚ ਸੋਚਣ ਦੀ ਕੋਸ਼ਿਸ਼ ਕਰੀਏ ਕਿ ਮੁਢਲੇ ਮਸੀਹੀਆਂ ਨੇ ਕੀ ਕੀਤਾ ਸੀ। ਜਦੋਂ ਅਸੀਂ ਉਨ੍ਹਾਂ ਲੋਕਾਂ ਨੂੰ ਮਿਲਾਂਗੇ ਜੋ ਤੁਹਾਡੇ ਨਾਲ ਨਿੱਜੀ ਤੌਰ ਤੇ ਸੰਪਰਕ ਵਿੱਚ ਸਨ ਤਾਂ ਅਸੀਂ ਕਿਸ ਤਰ੍ਹਾਂ ਦੇ ਲੋਕਾਂ ਨੂੰ ਮਿਲਾਂਗੇ। ਉਨ੍ਹਾਂ ਦੇ ਚਿਹਰੇ ਵਿਸ਼ਵਾਸ ਅਤੇ ਖੁਸ਼ੀ ਨਾਲ ਕਿਵੇਂ ਚਮਕ ਰਹੇ ਹੋਣਗੇ। ਉਨ੍ਹਾਂ ਦਾ ਜੀਵਨ ਕਿਵੇਂ ਪਰਮੇਸ਼ੁਰ ਦਾ ਜੀਵਤ ਵਚਨ ਰਿਹਾ ਹੋਵੇਗਾ, ਬਿਲਕੁਲ "ਲਿਖਿਤ ਪੱਤਰੀਆਂ ਜੋ ਸਾਰੇ ਮਨੁੱਖਾਂ ਦੁਆਰਾ ਪੜ੍ਹੀਆਂ ਜਾਂਦੀਆਂ ਹਨ," ਜਿਵੇਂ ਉਹ ਲੋਕਾਂ ਵਿਚ ਅਤੇ ਲੋਕਾਂ ਵਿਚਕਾਰ ਚੱਲਦੇ ਸਨ। ਪਰਮੇਸ਼ੁਰ, ਇਸ ਨੂੰ ਇੱਕ ਵਾਰ ਫੇਰ ਬਖਸ਼ ਦਿਓ।

6 ਸਾਡਾ ਜੀਵਨ ਤੁਹਾਡੇ ਅੱਗੇ ਇੰਨਾ ਸਮਰਪਿਤ ਹੋਵੇ, ਕਿ ਪਵਿੱਤਰ ਆਤਮਾ ਆਪਣੇ ਆਪ ਸਾਡੇ ਰਾਹੀਂ ਜੀਵੇ, ਅਤੇ ਸਾਡੇ ਰਾਹੀਂ ਬੋਲੇ, ਪ੍ਰਭੂ। ਅਸੀਂ ਆਪਣੇ ਮਨਾਂ ਵਿੱਚ ਯਾਦ ਰੱਖੀਏ, ਜਦੋਂ ਅਸੀਂ ਗਲੀ ਵਿੱਚ ਤੁਰਦੇ ਹਾਂ ਅਤੇ ਦੁਨੀਆ ਨਾਲ ਬਾਹਾਂ ਰਗੜਦੇ ਹਾਂ, ਸਾਨੂੰ ਉਹਨਾਂ ਵਰਗੇ ਨਹੀਂ ਹੋਣਾ ਚਾਹੀਦਾ। ਅਤੇ ਅਸੀਂ ਪਾਸੇ ਹਟ ਜਾਈਏ ਅਤੇ ਉਹਨਾਂ ਨੂੰ ਜਗ੍ਹਾ ਦੇਈਏ, ਪ੍ਰਭੂ, ਧਰਤੀ ਉੱਤੇ ਉਹਨਾਂ ਦੀ ਸਹੀ ਸਥਾਨ ਨੂੰ। ਅਸੀਂ ਪਿਛਲੀ ਸੀਟ ਤੇ ਬੈਠ ਜਾਈਏ, ਇਹ ਜਾਣਦੇ ਹੋਏ ਕਿ ਅਸੀਂ ਕਿਸੇ ਹੋਰ ਸੰਸਾਰ ਦੇ ਨੁਮਾਇੰਦੇ ਹਾਂ। ਸਾਡੇ ਕੋਲ ਇੱਕ ਰਾਜ ਹੈ ਜੋ ਸ਼ਕਤੀ ਵਿੱਚ ਆ ਰਿਹਾ ਹੈ, ਪ੍ਰਭੂ। ਅਤੇ ਸਾਡਾ ਮਹਾਨ ਰਾਜਾ ਜਲਦੀ ਹੀ ਆ ਜਾਵੇਗਾ ਅਤੇ ਉਸ ਦੇ ਰਾਜ ਵਿਚਲੇ ਸਾਰੇ ਰਾਜਾਂ ਨੂੰ ਆਪਣੇ ਅਧਿਕਾਰ ਵਿਚ ਲੈ ਲਵੇਗਾ। ਅਤੇ ਉਹ ਰਾਜ ਕਰੇਗਾ ਅਤੇ ਹਕੂਮਤ ਕਰੇਗਾ; ਇੱਥੇ ਧਰਤੀ ਉੱਤੇ ਉਸਦੇ ਨਾਲ, ਹਜ਼ਾਰ ਸਾਲ, ਅਤੇ ਸਦਾ ਲਈ ਉਸਦੇ ਨਾਲ ਰਹਾਂਗੇ।

7 ਇਸ ਨੂੰ ਧਿਆਨ ਵਿੱਚ ਰੱਖਦੇ ਹੋਏ, ਪ੍ਰਭੂ, ਹੁਣ ਅਸੀਂ ਆਪਣੀ ਪ੍ਰਾਰਥਨਾ ਦੇ ਜਵਾਬ ਦੀ ਉਡੀਕ ਕਰਦੇ ਹਾਂ। ਅਸੀਂ ਆਪਣੇ ਇਕਰਾਰਨਾਮੇ ਵੱਲ ਦੇਖਦੇ

ਹਾਂ। ਜੇ ਅਸੀਂ ਕੁਝ ਕੀਤਾ ਹੈ, ਕੁਝ ਕਿਹਾ ਹੈ, ਜਾਂ ਕੁਝ ਸੋਚਿਆ ਹੈ, ਜੋ ਤੁਹਾਡੀ ਮਹਾਨ ਇੱਛਾ ਦੇ ਉਲਟ ਸੀ, ਤਾਂ ਯਿਸੂ ਮਸੀਹ ਦਾ ਲਹੂ ਸਾਨੂੰ ਸ਼ੁੱਧ ਕਰੇ।

8 ਸਾਡੀ ਅਗਵਾਈ ਕਰੋ, ਪ੍ਰਭੂ, ਜਿਵੇਂ ਭੈਣ ਨੇ ਅੱਜ ਰਾਤ ਕਿਹਾ ਸੀ, ਉਹਦੇ ਅਤੇ ਉਸਦੇ ਪਤੀ ਬਾਰੇ ਜੱਦ ਉਹ ਸ਼ਿਕਾਗੋ ਦੇ ਰਾਹ ਤੇ ਸਨ। ਉਨ੍ਹਾਂ ਦੀ ਅਗਵਾਈ ਕਰ, ਪ੍ਰਭੂ ਪਰਮੇਸ਼ੁਰ, ਉਸ ਜਗ੍ਹਾ ਵੱਲ ਜਿੱਥੇ ਤੁਸੀਂ ਉਹਨਾਂ ਨੂੰ ਇਸਤੇਮਾਲ ਕਰ ਸਕਦੇ ਹੋ, ਤਾਂ ਜੋ ਉਹ ਹੋਰਾਂ ਲਈ ਚਾਨਣ ਦੇ ਸ਼ਤੀਰ ਹੋਣ, ਜੋ ਹਨੇਰੇ ਵਿੱਚ ਜੂਝ ਰਹੇ ਹਨ, ਜੋ ਸਾਡੇ ਪ੍ਰਭੂ ਯਿਸੂ ਨੂੰ ਨਹੀਂ ਜਾਣਦੇ। ਹੁਣ ਅਸੀਂ ਸਭਾ ਨੂੰ ਤੁਹਾਡੇ ਕੋਲ ਸਮਰਪਿਤ ਕਰਦੇ ਹਾਂ, ਅਤੇ ਤੁਹਾਡੇ ਸੁਧਾਰ ਦੇ ਵਚਨ ਨੂੰ ਸੁਣਦੇ ਹੋਏ, ਤਾਂ ਜੋ ਅਸੀਂ ਜਾਣ ਸਕੀਏ ਕਿ ਇਸ ਮਹਾਨ ਸਮੇਂ ਲਈ ਕਿਵੇਂ ਤਿਆਰੀ ਕਰਨੀ ਹੈ, ਯਿਸੂ ਦੇ ਨਾਮ ਵਿੱਚ ਅਸੀਂ ਇਸਨੂੰ ਮੰਗਦੇ ਹਾਂ। ਆਮੀਨ।

[ਟੇਪ ਉਤੇ ਖਾਲੀ ਥਾਂ। ਭਾਈ ਨੇਵਿਲ ਟਿੱਪਣੀ ਕਰਦੇ ਹਨ—ਸੰਪਾ.]

ਪ੍ਰਭੂ ਤੁਹਾਨੂੰ ਅਸੀਸ ਦੇਵੇ। ਧੰਨਵਾਦ, ਭਾਈ।

9 ਮੈਂ ਇਸ ਦੀ ਉਮੀਦ ਨਹੀਂ ਕਰ ਰਿਹਾ ਸੀ। ਮੈਨੂੰ, ਇੱਥੇ ਘਰ ਵਿੱਚ ਹੋਣ ਕਰਕੇ, ਮੈਨੂੰ ਮਹਿਸੂਸ ਹੋਇਆ ਕਿ ਜਿਵੇਂ ਮੈਨੂੰ ਸੱਚਮੁੱਚ ਕਿਤੇ ਨਹੀਂ ਜਾਣਾ ਪਏਗਾ, ਅਚਾਨਕ, ਮੈਨੂੰ ਬਹੁਤ ਬੁਰਾ ਲੱਗਿਆ, ਮੈਂ ਘਰ ਬੈਠਾ ਸੀ ਅਤੇ ਪ੍ਰਾਰਥਨਾ ਸਭਾ ਵਿੱਚ ਨਹੀਂ ਆਇਆ। ਅਤੇ ਮੈਂ ਅੰਦਰ ਆ ਗਿਆ, ਅਚਾਨਕ, ਆਪਣੇ ਲਈ, ਆਪਣੇ ਪਰਿਵਾਰ ਲਈ ਵੀ। ਮੈਂ ਹੁਣੇ ਅੰਦਰ ਆਇਆ, ਅਤੇ ਤੁਰੰਤ ਨਿਕਲ ਗਿਆ। ਅਤੇ ਇਸ ਲਈ ਮੈਂ ਕਿਹਾ, "ਮੈਂ ਪ੍ਰਾਰਥਨਾ ਸਭਾ ਵਿੱਚ ਜਾ ਰਿਹਾ ਹਾਂ।" ਅਤੇ ਉਸ ਕੋਲ ਆਉਣ ਲਈ ਤਿਆਰ ਹੋਣ ਦਾ ਸਮਾਂ ਵੀ ਨਹੀਂ ਸੀ, ਇਸ ਲਈ ਉਸਨੂੰ ਨਹੀਂ ਪਤਾ ਸੀ ਕਿ ਮੈਂ ਆ ਰਿਹਾ ਸੀ।

10 ਇਸ ਲਈ ਮੈਂ ਉੱਥੇ ਭੈਣ ਦੀ ਗਵਾਹੀ ਸੁਣ ਕੇ ਖੁਸ਼ ਹਾਂ, ਭਾਈ, ਦੱਖਣੀ ਕੈਰੋਲੀਨਾ ਜਾਂ ਉੱਤਰੀ ਕੈਰੋਲੀਨਾ ਵਿੱਚ ਉਸ ਰੋਸ਼ਨੀ ਬਾਰੇ, ਕਿਸੇ ਥਾਂ ਤੇ। ਗ੍ਰੀਨਵਿਲ, ਸੀ ਨਾ? [ਇੱਕ ਭੈਣ ਕਹਿੰਦੀ ਹੈ, "ਨਹੀਂ। ਦੱਖਣੀ ਪਾਈਨਜ਼।"—ਸੰਪਾ.] ਦੱਖਣੀ ਪਾਈਨਜ਼। ਹਾਂ।

11 ਭਾਈ ਲੀ ਵੇਲ ਅੱਜ ਇੱਥੇ ਹੀ ਸੀ। ਮੈਂ ਉਸਨੂੰ ਬਪਤਿਸਮਾ ਦਿੱਤਾ, ਅੱਜ, ਇੱਥੇ ਬਪਤਿਸਮਾ ਦੇਣ ਵਾਲੀ ਸੇਵਾ ਵਿੱਚ। ਭਾਈ ਲੀ ਵੇਲ, ਤੁਸੀਂ ਜਾਣਦੇ ਹੋ, ਉੱਥੇ ਦੇ ਸੇਵਕਾਂ ਵਿੱਚੋਂ ਇੱਕ, ਭਾਈ ਪਾਰਕਰ ਥੋਮਸ। ਉਥੇ ਇੱਕ ਸੀ…

12 ਮੈਨੂੰ ਯਾਦ ਹੈ—ਉਸ ਸਮੇਂ ਦੀ, ਇਕ ਭੈਣ ਤੇ ਛਾਇਆ ਸੀ। ਇਹ ਇੱਕ ਬਹੁਤ ਵਧੀਆ ਪ੍ਰਮਾਣ ਸੀ, ਭੈਣ, ਕਿਸ ਚੀਜ਼ ਲਈ…ਪਵਿੱਤਰ ਆਤਮਾ ਕਦੇ ਕਦਾਈਂ ਸਾਨੂੰ ਅੱਗੇ ਵਧਣ ਅਤੇ ਸਾਡੇ ਵਿਸ਼ਵਾਸ ਦੀ ਪਰਖ ਕਰਨ ਦਿੰਦਾ ਹੈ,

ਇਹ ਦੇਖਣ ਲਈ ਕਿ…ਅਤੇ ਦੂਜਿਆਂ ਦੇ ਵਿਸ਼ਵਾਸ ਨੂੰ ਪਰਖਣ ਲਈ। ਜਦੋਂ ਤੁਸੀਂ ਕਿਸੇ ਚੀਜ਼ ਨੂੰ ਸਿੱਧੇ ਦੇਖ ਰਹੇ ਹੋ, ਅਤੇ ਕੁਝ ਦੇਖਦੇ ਹੋ, ਅਤੇ ਇਸਨੂੰ ਬੋਲਦੇ ਹੋ; ਦੂਸਰੇ ਦੇਖਦੇ ਹਨ ਅਤੇ ਇਸ ਨੂੰ ਨਹੀਂ ਦੇਖਦੇ, ਉਹ ਕਹਿੰਦੇ ਹਨ ਕਿ ਇਹ ਉੱਥੇ ਨਹੀਂ ਹੈ। ਦੇਖੋ? ਪਰ ਇਹ ਉੱਥੇ ਹੈ।

13 ਹੁਣ, ਕੋਈ ਵੀ ਇਹ ਨਹੀਂ ਦੇਖ ਸਕਦਾ ਸੀ ਕਿ ਪੌਲੁਸ ਉੱਤੇ ਪ੍ਰਕਾਸ਼ ਸੀ, ਪਰ ਇਹ ਉੱਥੇ ਸੀ। ਕਿਸੇ ਨੇ ਵੀ ਉਸ ਕਬੂਤਰ ਨੂੰ ਸਵਰਗ ਵਿੱਚੋਂ ਹੇਠਾਂ ਉਤਰਦੇ ਨਹੀਂ ਵੇਖਿਆ, ਉਸ ਪ੍ਰਕਾਸ਼ ਵਿੱਚ, ਇੱਕ ਰੂਪ ਵਿੱਚ, ਅਤੇ ਅਤੇ ਯਿਸੂ ਦੇ ਉੱਪਰ ਠਹਿਰਦੇ ਹੋਏ, ਪਰ ਯੂਹੰਨਾ ਨੇ ਖੁਦ ਵੇਖਿਆ। ਪਰ ਇਹ ਉੱਥੇ ਸੀ। ਦੇਖੋ?

14 ਅਤੇ ਇਸ ਤਰ੍ਹਾਂ, ਤਦ, ਬਾਅਦ ਵਿੱਚ ਜਦੋਂ ਮੈਂ ਲੋਕਾਂ ਨੂੰ ਅੱਗ ਦੇ ਥੰਮ੍ਹ ਵਾਂਗ ਇਸ ਰੌਸ਼ਨੀ ਬਾਰੇ ਦੱਸ ਰਿਹਾ ਸੀ, ਕੋਈ ਵੀ ਇਸ ਤੇ ਵਿਸ਼ਵਾਸ ਨਹੀਂ ਕਰਨਾ ਚਾਹੁੰਦਾ ਸੀ। ਪਰ ਹੁਣ ਕੈਮਰੇ ਦੀ ਮਸ਼ੀਨੀ ਅੱਖ ਨੇ ਉਸ ਨੂੰ ਪਛਾਣ ਲਿਆ।

ਹੁਣ ਦੁਸ਼ਟ ਆਤਮਾ ਕਾਲੀ ਹੁੰਦੀ ਹੈ।

15 ਇਹ ਸਾਡੀਆਂ ਜ਼ਿੰਦਗੀਆਂ ਵਾਂਗ ਹੈ, ਅਸੀਂ ਪਰਛਾਵੇਂ ਹਾਂ। ਅਤੇ ਅਸੀਂ ਹਾਂ, ਜੇ ਅਸੀਂ ਇੱਕ ਰੋਸ਼ਨੀ ਹਾਂ, ਅਸੀਂ ਹਾਂ, ਜੇਕਰ ਸਾਡੀਆਂ ਜ਼ਿੰਦਗੀਆਂ ਦਿਨ ਦੀ ਰੌਸ਼ਨੀ ਨਾਲ ਸਿੱਝਦੀਆਂ ਹਨ, ਅਸੀਂ ਰੌਸ਼ਨੀ ਵਿੱਚ ਚੱਲ ਰਹੇ ਹਾਂ।

16 ਇਹ ਉਸੇ ਤਰ੍ਹਾਂ ਹੈ ਜਿਵੇਂ ਤੁਸੀਂ ਬਾਹਰ ਦੇਖਦੇ ਹੋ ਅਤੇ ਕਹਿੰਦੇ ਹੋ, "ਮੈਂ ਸੂਰਜ ਨੂੰ ਵੇਖਦਾ ਹਾਂ," ਦਿਨ ਵੇਲੇ। ਤੁਸੀਂ—ਤੁਸੀਂ ਸੂਰਜ ਦਾ ਪਰਛਾਵਾਂ ਵੇਖਦੇ ਹੋ। ਇਹ ਸੂਰਜ ਦਾ ਪ੍ਰਤੀਬਿੰਬ ਹੈ। ਇਹ ਖੁਦ, ਸੂਰਜ ਨਹੀਂ ਹੈ, ਪਰ ਇਹ ਸਾਬਤ ਕਰਦਾ ਹੈ ਕਿ ਇੱਕ ਸੂਰਜ ਹੈ। ਇਹ ਸਾਬਤ ਕਰਦਾ ਹੈ ਕਿ ਇੱਕ ਸੂਰਜ ਹੈ।

17 ਅਤੇ ਹੁਣ ਜਦੋਂ ਮੈਂ ਦੇਖਦਾ ਹਾਂ, ਜਿਵੇਂ ਤੁਸੀਂ ਉੱਥੇ ਬੈਠੇ ਹੋਏ ਹੋ, ਪੱਖੀਆਂ ਦੀ ਵਰਤੋਂ ਕਰਦੇ ਹੋਏ, ਗੱਲਾਂ ਕਰਦੇ ਹੋ, ਇਸਦਾ ਮਤਲਬ ਹੈ ਕਿ ਤੁਸੀਂ ਜੀਉਂਦੇ ਹੋ, ਪਰ ਇਹ ਸਿਰਫ਼ ਜੀਵਨ ਦਾ ਇੱਕ ਪਰਛਾਵਾਂ ਹੈ।

18 ਕਿਉਂਕਿ, ਹਰ ਚੀਜ਼ ਵਿੱਚ ਹਨੇਰਾ ਹੋਣਾ ਚਾਹੀਦਾ ਹੈ, ਪਰਛਾਵਾਂ ਬਣਾਉਣ ਲਈ। ਸਮਝੇ? ਕਿਉਂਕਿ, ਇੱਕ ਪਰਛਾਵੇਂ ਨੂੰ ਇੱਕ ਪਰਛਾਵਾਂ ਬਣਾਉਣ ਲਈ ਇੰਨਾ ਹਨੇਰਾ ਅਤੇ ਇੰਨੀ ਰੌਸ਼ਨੀ, ਹੋਣੀ ਚਾਹੀਦੀ ਹੈ। ਅਤੇ ਇਹ ਪੂਰੀ ਤਰ੍ਹਾਂ ਹਨੇਰਾ ਨਹੀਂ ਹੋ ਸਕਦਾ, ਅਤੇ ਇਹ ਪੂਰੀ ਤਰ੍ਹਾਂ ਰੋਸ਼ਨੀ ਨਹੀਂ ਹੋ ਸਕਦੀ। ਜੇ ਇਹ ਹਨੇਰਾ ਹੈ, ਤਾਂ ਇਹ ਅਸਲ ਹਨੇਰਾ ਹੈ। ਜੇ ਇਹ ਰੋਸ਼ਨੀ ਹੈ, ਤਾਂ ਕੋਈ ਪਰਛਾਵਾਂ ਨਹੀਂ ਹੈ, ਪਰਛਾਵਾਂ ਬਣਾਉਣ ਲਈ ਕੁਝ ਨਹੀਂ ਹੈ। ਪਰ ਜੇ ਇਸ

ਨੂੰ ਹਨੇਰੇ ਅਤੇ ਰੌਸ਼ਨੀ ਨਾਲ ਮਿਲਾਇਆ ਜਾਂਦਾ ਹੈ, ਤਾਂ ਇਹ ਇੱਕ ਪਰਛਾਵਾਂ ਬਣਾਉਂਦਾ ਹੈ।

19 ਇਸ ਲਈ ਅਸੀਂ ਸੱਚਮੁੱਚ ਪ੍ਰਕਾਸ਼ ਦੇ ਪਰਛਾਵੇਂ ਹਾਂ। ਹੁਣ ਤੁਸੀਂ ਕਿਸੇ ਥਾਂ ਤੋਂ ਇੱਕ ਜੀਵਨ ਨੂੰ ਪ੍ਰਤੀਬਿੰਬਤ ਕਰ ਰਹੇ ਹੋ। ਜੇ ਤੁਸੀਂ ਹੋ, ਅਤੇ ਮਸੀਹੀ, ਇਹ ਇੱਕ ਪਰਛਾਵਾਂ ਹੈ, ਇਹ ਸਿਰਫ ਇਹ ਸਾਬਤ ਕਰਦਾ ਹੈ ਕਿ ਇੱਕ ਜੀਵਨ ਹੈ ਜਿੱਥੇ ਤੁਸੀਂ ਮਰ ਨਹੀਂ ਸਕਦੇ, ਕਿਉਂਕਿ ਇਸ ਜੀਵਨ ਵਿੱਚ ਮੌਤ ਹੈ। ਸਮਝੇ? ਪਰ ਇਹ ਇੱਕ ਪਰਛਾਵਾਂ ਹੈ, ਕਿਉਂਕਿ ਤੁਸੀਂ ਜੀ ਰਹੇ ਹੋ, ਦੇਖਣ, ਸੋਚਣ, ਹਿਲਾਉਣ ਅਤੇ ਗੱਲ ਕਰਨ ਦੀ ਕਾਬਲੀਅਤ ਵਾਲੇ ਜੀਵ, ਅਤੇ ਸਰੀਰ ਦੀਆਂ ਪੰਜ ਇੰਦਰੀਆਂ। ਪਰ ਫਿਰ ਵੀ ਤੁਸੀਂ ਜਾਣਦੇ ਹੋ, ਉਹ, ਉਹ ਮਰ ਰਹੀਆਂ ਹਨ। ਅਤੇ ਬਹੁਤ ਸਾਰੀਆਂ ਮੁਸ਼ਕਲਾਂ ਹਨ। ਤੁਸੀਂ ਜਾਣਦੇ ਹੋ, ਇਹ ਸਿਰਫ ਹੋ ਸਕਦਾ ਹੈ...ਇਹ ਇੱਕ ਪ੍ਰਤੀਬਿੰਬ ਹੈ, ਵੇਖੋ, ਕਿ ਇੱਥੇ ਜੀਵਨ ਅਤੇ ਮੌਤ ਇੱਕਠੇ ਹਨ।

20 ਸਰੀਰਕ ਨੇ ਮਰਨਾ ਹੈ। ਪਰ ਜੇ ਤੁਸੀਂ ਪ੍ਰਤੀਬਿੰਬਤ ਕਰ ਰਹੇ ਹੋ, ਆਪਣੇ ਨਾਸ਼ਵਾਨ ਜੀਵਨ ਦੁਆਰਾ, ਸਵਰਗ ਦੀ ਰੋਸ਼ਨੀ ਨੂੰ, ਤਾਂ ਤੁਸੀਂ ਅਨੰਤ ਜੀਵਨ ਨੂੰ ਪ੍ਰਤੀਬਿੰਬਤ ਕਰ ਰਹੇ ਹੋ, ਪਰਮੇਸ਼ੁਰ। ਫਿਰ ਜਦੋਂ ਤੁਸੀਂ ਮਰ ਜਾਂਦੇ ਹੋ, ਤੁਸੀਂ ਉਸ ਪ੍ਰਕਾਸ਼ ਵੱਲ ਜਾਣ ਤੋਂ ਇਲਾਵਾ ਹੋਰ ਕੁਝ ਨਹੀਂ ਕਰ ਸਕਦੇ, ਕਿਉਂਕਿ ਇਹ ਉਹੀ ਹੈ ਜੋ ਤੁਸੀਂ ਪ੍ਰਤੀਬਿੰਬਤ ਕੀਤਾ ਹੈ।

21 ਜੇ ਤੁਸੀਂ ਹਨੇਰੇ ਸੰਸਾਰ ਦੇ ਹੋ, ਤਾਂ ਤੁਸੀਂ ਇਸ ਨੂੰ ਪ੍ਰਤੀਬਿੰਬਤ ਕਰਦੇ ਹੋ, ਅਤੇ ਤੁਸੀਂ ਕਰ ਸਕਦੇ ਹੋ, ਹਨੇਰੇ ਤੋਂ ਇਲਾਵਾ ਹੋਰ ਕੋਈ ਰਾਹ ਨਹੀਂ ਜਾ ਸਕਦੇ। ਦੇਖੋ? ਇਸ ਲਈ ਅਸੀਂ ਇੱਕ ਪ੍ਰਤੀਬਿੰਬ ਵਿੱਚ ਹਾਂ। ਇਸ ਲਈ, ਅਸੀਂ ਦੇਖਦੇ ਹਾਂ ਕਿ ਜਿਵੇਂ ਪਵਿੱਤਰ ਆਤਮਾ ਰੌਸ਼ਨੀ ਅਤੇ ਜੀਵਨ ਨੂੰ ਦਰਸਾਉਂਦੀ ਹੈ, ਉਸੇ ਤਰ੍ਹਾਂ ਮੌਤ ਹਨੇਰੇ ਨੂੰ ਦਰਸਾਉਂਦੀ ਹੈ।

22 ਅਤੇ ਇੱਥੇ ਉਹ ਦੋਵੇਂ ਹਨ। ਕੱਲ-...ਹਫ਼ਤੇ ਦੇ ਅੰਤ ਤੱਕ, ਸ਼ਾਇਦ ਐਤਵਾਰ ਤੱਕ, ਅਸੀਂ ਛੋਟੀ ਤਸਵੀਰ ਨੂੰ ਵੱਡੇ ਆਕਾਰ ਦੀ ਬਣਾ ਰਹੇ ਹਾਂ, ਤਾਂ ਜੋ ਇਸਨੂੰ ਸੂਚਨਾ ਬੋਰਡ ਤੇ ਲਗਾਇਆ ਜਾ ਸਕੇ।

23 ਜਿੱਥੇ, *ਤੁਹਾਡੀ* ਤਸਵੀਰ ਸੂਚਨਾ ਬੋਰਡ ਰੱਖੀ ਜਾਵੇਗੀ। ਮੈਨੂੰ ਨਹੀਂ ਪਤਾ ਕਿ ਤੁਸੀਂ ਇਸ ਨੂੰ ਦੇਖਿਆ ਹੈ, ਜਾਂ ਨਹੀਂ। ਅਤੇ ਫਿਰ...

ਅਤੇ ਲਗਭਗ ਇੱਕ ਹਫ਼ਤਾ ਪਹਿਲਾਂ, ਜਮੈਕਾ ਵਿੱਚ—ਵਿੱਚ, ਜਿੱਥੇ ਮੈਂ ਮਿਸ਼ਨਰੀ ਸੀ...ਅਸੀਂ ਪੂਰੀ ਦੁਨੀਆ ਵਿੱਚ ਟੇਪਾਂ ਭੇਜਦੇ ਹਾਂ। ਅਤੇ *ਸੱਤ ਮੋਹਰਾਂ* ਵਾਪਸ...ਜਮੈਕਾ ਦੇ ਅੰਦਰੂਨੀ ਹਿੱਸੇ ਵਿੱਚ, ਅੰਦਰ ਚਲੀਆਂ ਗਈਆਂ ਹਨ। ਅਤੇ ਇਹ ਕਾਫੀ ਪੱਛੜਿਆ ਹੋਇਆ ਹੈ, ਬਲੂ ਮਾਉਂਟੇਨ ਦੇ ਪਿੱਛੇ।

ਅਤੇ ਮੂਲ ਨਿਵਾਸੀ, ਕਈ ਵਾਰ, ਉਹਨਾਂ ਕੋਲ ਇੱਕ—ਇੱਕ ਟੇਪ ਰਿਕਾਰਡਰ ਹੁੰਦਾ ਹੈ ਜੋ ਅਸੀਂ ਉਹਨਾਂ ਨੂੰ ਦਿੰਦੇ ਹਾਂ, ਇਸ ਤਰ੍ਹਾਂ ਕਿ—ਕਿ ਤੁਹਾਨੂੰ, ਪੁਰਾਣੇ ਵਿਕਟੋਲਾ ਵਾਂਗ, ਇਸਨੂੰ ਘੁਮਾਉਣਾ ਪੈਂਦਾ ਹੈ, ਅਤੇ ਫਿਰ ਇਸਨੂੰ ਇਸ—ਇਸ ਤਰ੍ਹਾਂ ਚਲਣ ਦਿਓ। ਫਿਰ, ਹਰ ਕੁਝ ਮਿੰਟਾਂ ਵਿਚ, ਕਿਸੇ ਨੂੰ ਇਸ ਨੂੰ ਘੁਮਾਉਣਾ ਪੈਂਦਾ ਹੈ।

24 ਇਸ ਸਮੂਹ ਕੋਲ ਇੱਕ—ਇੱਕ ਛੋਟੀ ਜਿਹੀ ਸੀ...ਇੱਕ ਬੈਟਰੀ, ਛੇ-ਵੋਲਟ ਦੀ ਬੈਟਰੀ, ਜਾਂ ਕੁਝ ਹੋਰ ਸੀ, ਟੇਪ ਰਿਕਾਰਡਰ ਵਜਾਉਣ ਲਈ। ਅਤੇ ਉਹ—ਉਹ ਸਾਰੇ ਇਕੱਠੇ ਬੈਠੇ ਹੋਏ ਸਨ, ਜਿਵੇਂ ਅੱਜ ਰਾਤ ਇੱਥੇ ਹੈ, ਉਨ੍ਹਾਂ *ਮੋਹਰਾਂ* ਨੂੰ ਸੁਣ ਰਹੇ ਸਨ, ਮੇਰਾ ਵਿਸ਼ਵਾਸ ਹੈ ਕਿ ਇਹ ਸੀ। ਅਤੇ ਜਦੋਂ ਮੈਂ ਬੋਲ ਰਿਹਾ ਸੀ, ਉਨ੍ਹਾਂ ਨੇ ਦੇਖਿਆ, ਕਮਰੇ ਵਿੱਚ ਆਉਂਦੇ ਹੋਏ, ਉਹੀ ਅੱਗ ਦਾ ਥੰਮ੍ਹ ਆਇਆ, ਜਿੱਥੇ ਟੇਪ ਰਿਕਾਰਡਰ ਸੀ ਉੱਥੇ ਆ ਗਿਆ ਅਤੇ ਇਸ ਦੇ ਉੱਪਰ ਟਿਕ ਗਿਆ। ਅਤੇ ਉਹ ਗਏ ਅਤੇ ਇੱਕ ਕੈਮਰਾ ਲਿਆ ਅਤੇ ਇਸ ਦੀ ਤਸਵੀਰ ਲਈ। ਅਤੇ ਬਿਲਕੁਲ ਉਸੇ ਵਰਗਾ, ਇਹ ਉੱਥੇ ਹੈ, ਬਿਲਕੁਲ ਇਸ ਦੇ ਉੱਪਰ ਲਟਕਿਆ ਹੋਇਆ ਹੈ। ਹੁਣ ਅਸੀਂ ਇਸਨੂੰ ਵੱਡੀ ਕਰ ਰਹੇ ਹਾਂ, ਤਾਂ ਜੋ ਅਸੀਂ ਇਸਨੂੰ ਸੂਚਨਾ ਬੋਰਡ ਤੇ—ਤੇ ਰੱਖ ਸਕੀਏ, ਤਾਂ ਜੋ ਤੁਸੀਂ ਇਸਨੂੰ ਦੇਖ ਸਕੋ।

25 ਅਸੀਂ ਪਰਮੇਸ਼ੁਰ ਦੀ ਕਿਰਪਾ ਲਈ ਬਹੁਤ ਸ਼ੁਕਰਗੁਜ਼ਾਰ ਹਾਂ ਜੋ ਸਾਡੇ ਵਿੱਚ...ਸਾਨੂੰ ਇਸ ਦਿਨ ਵਿੱਚ ਉਸਦੀ ਹਜ਼ੂਰੀ ਵਿੱਚ ਲਿਆਇਆ ਹੈ। ਹੁਣ ਅਸੀਂ ਬਹੁਤ ਸਾਰੀਆਂ ਚੀਜ਼ਾਂ ਲਈ ਸ਼ੁਕਰਗੁਜ਼ਾਰ ਹਾਂ।

26 ਹੁਣ ਮੈਂ ਸੋਚਦਾ ਹਾਂ ਕਿ ਮੈਂ ਇੱਥੇ ਦੇਖਾਂਗਾ ਅਤੇ ਦੇਖਾਂਗਾ ਕਿ ਕੀ ਮੈਨੂੰ ਕੁਝ, ਕੁਝ ਨੋਟਸ ਜਾਂ ਕੁਝ, ਕੁਝ ਹੋਰ ਜਿਸ ਬਾਰੇ ਮੈਂ ਗੱਲ ਕੀਤੀ ਸੀ ਲੱਭ ਸਕਦਾ ਹਾਂ। ਜਾਂ, ਸਾਨੂੰ ਕਿਸੇ ਕਿਸਮ ਦਾ ਇੱਕ—ਇੱਕ...ਮੈਂ ਕੁਝ ਲਿਖਿਆ ਹੋਇਆ ਹੈ, ਵੈਸੇ ਵੀ, ਇੱਕ ਕਿਤਾਬ ਦੇ ਪਿਛਲੇ ਪਾਸੇ। ਜੇ ਮੈਨੂੰ ਇੱਕ ਲੱਭ ਜਾਵੇ, ਹੋ ਸਕਦਾ ਹੈ ਕਿ ਪ੍ਰਭੂ ਮੈਨੂੰ ਕਿਸੇ ਚੀਜ਼ ਤੇ ਕਹਿਣ ਲਈ ਕੁਝ ਦੇਵੇ, ਜਦੋਂ ਅਸੀਂ ਪ੍ਰਾਰਥਨਾ ਕਰਦੇ ਹਾਂ।

ਹੁਣ, ਅਸੀਂ ਐਤਵਾਰ ਦੇ ਲਈ ਉਮੀਦ ਦੇ ਹੇਠ ਹਾਂ।

27 ਮੈਂ ਸੰਦੇਸ਼ਾਂ ਵਿੱਚ ਬੋਲਦਾ ਰਿਹਾ ਹਾਂ। ਅਤੇ, ਐਤਵਾਰ, ਤੁਹਾਨੂੰ ਇੱਥੇ ਲੰਬੇ ਸਮੇਂ ਲਈ ਰੱਖਿਆ, ਇਸ ਤੇ, "ਤੂੰ ਮੇਰੇ ਅੱਗੇ ਦੁਹਾਈ ਕਿਉਂ ਦਿੰਦਾ ਹੈਂ? ਲੋਕਾਂ ਨਾਲ ਗੱਲ ਕਰ ਅਤੇ ਅੱਗੇ ਵਧ।"

28 ਹੁਣ, ਐਤਵਾਰ ਨੂੰ ਚੰਗਾਈ ਸਭਾ ਹੈ ਜਿੱਥੇ ਬਿਮਾਰਾਂ ਲਈ ਪ੍ਰਾਰਥਨਾ ਕੀਤੀ ਜਾਣੀ ਹੈ। ਹੁਣ, ਤੁਸੀਂ ਬਿਮਾਰਾਂ ਦੇ ਕੋਲ ਜਾਓ, ਅਤੇ ਕੋਈ ਕਾਰਨ ਹੁੰਦਾ ਹੈ

ਕਿ ਬਿਮਾਰ, ਜਦੋਂ ਅਸੀਂ ਉਨ੍ਹਾਂ ਲਈ ਪ੍ਰਾਰਥਨਾ ਕਰਦੇ ਹਾਂ, ਤਾਂ ਉਹ ਚੰਗੇ ਨਹੀਂ ਹੁੰਦੇ। ਅਤੇ ਮੈਂ ਚਾਹੁੰਦਾ ਹਾਂ, ਜੇਕਰ ਪ੍ਰਭੂ ਦੀ ਇੱਛਾ ਹੋਈ, ਤਾਂ ਇੱਕ ਛੋਟਾ ਸੰਦੇਸ਼ ਲਵਾਂਗਾ ਐਤਵਾਰ ਦੀ ਸਵੇਰ ਲਈ, ਵੀ। ਇਸ ਲਈ, ਮੈਂ ਇੱਕ ਚੰਗਾਈ ਸਭਾ ਕਰਨ ਜਾ ਰਿਹਾ ਹਾਂ, ਅਤੇ ਸਾਰੇ ਲੋਕਾਂ ਲਈ ਪ੍ਰਾਰਥਨਾ ਕਰਾਂਗਾ। ਅਤੇ ਬਿਲੀ ਪੌਲ ਜਾਂ ਉਨ੍ਹਾਂ ਵਿੱਚੋਂ ਕੁਝ ਐਤਵਾਰ ਸਵੇਰੇ ਇੱਥੇ ਹੋਣਗੇ, ਕਰੀਬ ਅੱਠ ਵਜੇ, ਜਦੋਂ ਚਰਚ ਖੁੱਲ੍ਹੇਗਾ, ਲੋਕਾਂ ਨੂੰ ਕਾਰਡ ਦੇਣ ਲਈ ਜਦੋਂ ਉਹ ਦਰਵਾਜ਼ੇ ਵਿੱਚ ਆਉਂਦੇ ਹਨ, ਜਾਂ ਜਦੋਂ ਵੀ ਉਹ ਅੰਦਰ ਆਉਂਦੇ ਹਨ।

29 ਅਤੇ ਹੁਣ, ਫਿਰ, ਮੈਂ ਕੋਸ਼ਿਸ਼ ਕਰਨਾ ਚਾਹੁੰਦਾ ਹਾਂ, ਮੇਰਾ ਮੰਨਣਾ ਹੈ ਕਿ ਪ੍ਰਭੂ ਨੇ ਕਿਸੇ ਤਰ੍ਹਾਂ ਮੈਨੂੰ ਥੋੜ੍ਹੀ ਜਿਹੀ ਸਮਝ ਦਿੱਤੀ ਹੈ ਜਿਨ੍ਹਾਂ ਕਾਰਨਾਂ ਕਰਕੇ ਕੁਝ ਲੋਕ ਠੀਕ ਨਹੀਂ ਹੁੰਦੇ ਹਨ। ਅਤੇ ਮੈਂ—ਮੈਂ ਮੰਨਦਾ ਹਾਂ ਕਿ ਇਹ ਸਮਝ ਦੀ ਕਮੀ ਹੈ। ਅਤੇ ਮੈਨੂੰ—ਮੈਨੂੰ ਵਿਸ਼ਵਾਸ ਹੈ, ਹੋ ਸਕਦਾ ਹੈ, ਅਸੀਂ ਉਸ ਤੇ ਗੱਲ ਕਰਾਂਗੇ, ਐਤਵਾਰ ਦੀ ਸਵੇਰ, ਜੇ ਪ੍ਰਭੂ ਦੀ ਇੱਛਾ ਹੋਈ।

30 ਹੁਣ, ਬੁੱਧਵਾਰ ਰਾਤ ਦੀ ਪ੍ਰਾਰਥਨਾ ਸਭਾ ਸਿਰਫ਼ ਇੱਕ ਛੋਟੀ ਸਭਾ ਹੈ ਜਿੱਥੇ ਅਸੀਂ ਇਕੱਠੇ ਹੁੰਦੇ ਹਾਂ ਅਤੇ ਪ੍ਰਾਰਥਨਾ ਕਰਦੇ ਹਾਂ, ਜਿਵੇਂ ਸਾਡੇ ਕੋਲ ਹੈ, ਅਤੇ ਇਕੱਠੇ ਜੁੜਦੇ ਹਾਂ।

31 ਕਦੇ ਕਦਾਈਂ, ਮੈਂ—ਮੈਂ ਵਿਸ਼ਵਾਸ ਕਰਦਾ ਹਾਂ ਕਿ ਇਨ੍ਹਾਂ ਦਿਨਾਂ ਵਿੱਚ ਮੈਂ ਇੱਕ ਵੱਡੀ ਚੀਜ ਵੇਖੀ ਹੈ, ਜੋ ਅਸੀਂ ਵਿਸ਼ਵਾਸ ਕਰਦੇ ਹਾਂ ਉਸ ਵਿੱਚ ਇਮਾਨਦਾਰੀ ਦੀ ਕਮੀ। ਸਮਝੇ? ਸਮਝੇ? ਜੇ ਪਰਮੇਸ਼ੁਰ, ਜੌਨ ਵੈਜ਼ਲੀ ਦੇ ਦਿਨਾਂ ਵਿਚ, ਉਸ ਦਿਨ ਵਿਚ ਉਹ ਕੰਮ ਕਰਦਾ ਜੋ ਉਸਨੇ ਅੱਜ ਕੀਤਾ ਹੈ, ਤਾਂ ਇਸ ਨਾਲ ਕੀ ਹੋਣਾ ਸੀ; ਮਾਰਟਿਨ ਲੂਥਰ ਦੇ ਦਿਨਾਂ ਵਿੱਚ, ਜਾਂ ਹੋਰ-ਕੀ? ਜਿਵੇਂ ਅਸੀਂ ਉਸਨੂੰ ਕਰਦੇ ਹੋਏ ਦੇਖਦੇ ਹਾਂ, ਦੋਵੇਂ ਕਲੀਸਿਯਾ ਦੁਆਰਾ, ਆਤਮਾ ਦੁਆਰਾ ਪ੍ਰਮਾਣਿਤ ਹੋਏ, ਅਤੇ ਵਿਗਿਆਨ ਦੁਆਰਾ, ਅਤੇ ਹਰ ਚਾਲ, ਇਸਦੀ—ਇਸਦੀ—ਇਸਦੇ ਰਸ਼ਾਇਣ ਨੂੰ ਪਛਾਣਨਾ ਪੈਂਦਾ ਹੈ। ਅਤੇ ਪਰਮੇਸ਼ੁਰ ਦਾ ਵਚਨ ਇੱਥੇ ਇਸਨੂੰ ਘੋਸ਼ਿਤ ਕਰਦਾ ਹੈ ਅਤੇ ਇਸਨੂੰ ਪੂਰਾ ਹੋਣ ਤੋਂ ਪਹਿਲਾਂ ਦੱਸ ਰਿਹਾ ਹੈ। ਅਤੇ ਫਿਰ ਅੱਗੇ ਵਧਦੇ ਹੋਏ, ਅਤੇ ਭਵਿੱਖਬਾਣੀ ਕਰਦੇ ਹੋਏ, ਅਤੇ ਉਹੀ ਗੱਲ ਦਿਖਾਉਂਦੇ ਹੋਏ ਜੋ ਉਸਨੇ ਕਿਹਾ ਸੀ, ਇਹ ਬਿਲਕੁਲ ਉਸੇ ਤਰ੍ਹਾਂ ਹੋਵੇਗਾ, ਬਿਲਕੁਲ ਉਹੀ ਜੋ ਉਸਨੇ ਕਿਹਾ। ਅਤੇ ਫਿਰ ਵੀ ਅਸੀਂ ਸੁਸਤ ਬੈਠਦੇ ਹਾਂ, ਜਿਵੇਂ ਕਿ ਅਸੀਂ ਹੈਰਾਨ ਹਾਂ। "ਅੱਛਾ, ਹੈਰਾਨ ਹਾਂ ਕਿ ਕੀ ਇਸਦਾ ਮਤਲਬ ਮੈਂ? ਹੈਰਾਨ ਹਾਂ ਕਿ ਕੀ ਇਸਦਾ ਮਤਲਬ ਸਿਰਫ਼ ਕਲੀਸਿਯਾ ਹੀ ਹੋ ਸਕਦਾ ਹੈ, ਸਮੁੱਚੇ ਤੌਰ ਤੇ? ਜਾਂ—ਜਾਂ, ਹੈਰਾਨੀ ਹੈ ਕਿ ਕੀ ਮੈਂ ਸੱਚਮੁੱਚ ਇਸ ਵਿੱਚ ਸ਼ਾਮਲ ਹਾਂ?" ਮੈਨੂੰ ਲੱਗਦਾ ਹੈ, ਐਤਵਾਰ ਦੀ ਸਵੇਰ,

ਮੈਂ ਉਹਨਾਂ ਕੁਝ ਸਿਧਾਂਤਾਂ ਤੇ ਗੱਲ ਕਰਨ ਦੀ ਕੋਸ਼ਿਸ਼ ਕਰਾਂਗਾ ਜੋ ਸਾਨੂੰ ਥੋੜਾ ਜਿਹਾ ਪ੍ਰਕਾਸ਼ ਦੇ ਸਕਦੇ ਹਨ।

32 ਹੁਣ, ਅੱਜ ਰਾਤ, ਮੈਨੂੰ ਕੁਝ ਮਿਲਿਆ, ਬੱਸ ਇਸ ਵੱਲ ਮੁੜਦੇ ਹਾਂ, ਮੇਰੇ ਹੇਠਾਂ ਆਉਣ ਤੋਂ ਪਹਿਲਾਂ। ਮੈਂ ਸੋਚਿਆ, "ਕੀ ਹੋਵੇਗਾ ਜੇ ਭਾਈ ਨੇਵਿਲ, ਜੇ ਮੈਂ ਉੱਥੇ ਹੇਠਾਂ ਉਤਰਾਂ, ਤਾਂ ਉਹ ਕਹੇਗਾ, 'ਉੱਠੋ ਅਤੇ ਬੋਲੋ,' ਅਤੇ ਬੱਸ ਬੈਠ ਜਾਓ?" ਸਮਝੇ? ਮੈਂ ਸੋਚਿਆ, "ਚੰਗਾ ਰਹੇਗਾ ਕਿ ਮੈਂ ਦੋ ਕੁ ਲਿਖਤਾਂ ਲਿਖ ਲਵਾਂ।" ਕਿਉਂਕਿ, ਮੈਂ ਜਾਣਦਾ ਹਾਂ, ਉਹ, ਉਹ ਬਹੁਤ ਪਿਆਰਾ ਭਾਈ ਹੈ, ਅਤੇ ਅਸੀਂ—ਅਸੀਂ ਉਸਦੀ ਕਦਰ ਕਰਦੇ ਹਾਂ।

33 ਇਸ ਤੋਂ ਪਹਿਲਾਂ ਕਿ ਅਸੀਂ ਵਚਨ ਲਈ ਪ੍ਰਾਰਥਨਾ ਕਰੀਏ, ਮੈਂ ਇੱਕ—ਇੱਕ ਭਾਈ ਨੂੰ ਪਛਾਣਨਾ ਚਾਹੁੰਦਾ ਹਾਂ। ਮੈਂ ਇਸ ਸਮੇਂ ਉਸਦਾ ਨਾਮ ਵੀ ਨਹੀਂ ਬੁਲਾ ਸਕਦਾ, ਉਹਨਾਂ ਵਿੱਚੋਂ ਦੋ। ਉਹ ਇੱਥੇ ਹਨ, ਮੇਰੇ ਦੋਸਤ। ਉਹ...ਉਹ ਸੇਵਕ ਅਤੇ ਪ੍ਰਚਾਰਕ ਹਨ, ਖੇਤਰ ਵਿੱਚ, ਬਾਹਰ ਜਾ ਰਹੇ ਹਨ। ਉਨ੍ਹਾਂ ਨੇ ਇਹ ਸੰਦੇਸ਼ ਟੇਪ ਰਾਹੀਂ ਸੁਣੇ। ਅਤੇ ਉਹ ਵੱਖ ਵੱਖ ਨਾਮਧਾਰੀ ਕਲਿਸਿਆਵਾਂ ਤੋਂ ਬਾਹਰ ਆਏ ਹਨ, ਦੋ ਨੌਜਵਾਨ ਸਾਥੀ। ਅਤੇ ਲੜਕਾ ਬਹੁਤ, ਉਹਨਾਂ ਵਿੱਚੋਂ ਇੱਕ ਇੰਨੀ ਦਿਲਚਸਪੀ ਰੱਖਦਾ ਹੈ, ਇੱਥੋਂ ਤੱਕ ਉਹ ਟਿਊਸਾਨ, ਚਲਾ ਗਿਆ, ਹਾਲ ਹੀ ਵਿੱਚ, ਇੱਕ ਸਭਾ ਦੀ ਸਮਾਪਤੀ ਵਿੱਚ। ਮੇਰਾ ਮੰਨਣਾ ਹੈ ਕਿ ਮੈਂ ਕਾਰੋਬਾਰੀ ਪੁਰਸ਼ਾਂ ਦੇ ਨਾਸ਼ਤੇ ਵਿੱਚ ਸੀ। ਅਤੇ ਨੌਜਵਾਨ ਸਾਥੀ, ਵਧੀਆ ਨੌਜਵਾਨ ਸਾਥੀ, ਹੇਠਾਂ ਆਇਆ। ਅਤੇ ਉਹ...

34 ਉਹ ਕੰਸਾਸ ਤੋਂ ਹਨ। ਅਤੇ ਉਹ ਮੇਰੇ ਕੋਲ ਵਿਆਹ ਕਰਵਾਉਣ ਲਈ ਆਏ ਹਨ। ਮੈਂ ਇਸਦੀ ਕਦਰ ਕਰਦਾ ਹਾਂ। ਇਹ ਸੋਚਣਾ ਕਿ ਲੋਕ ਤੁਹਾਡੀਆਂ ਪ੍ਰਾਰਥਨਾਵਾਂ ਵਿੱਚ ਵਿਸ਼ਵਾਸ ਕਰਦੇ ਹਨ, ਕਾਫ਼ੀ ਹੈ, ਵਿਸ਼ਵਾਸ ਕਰਦੇ ਹਨ ਕਿ ਪਰਮੇਸ਼ੁਰ ਸੁਣੇਗਾ ਅਤੇ ਜਵਾਬ ਦੇਵੇਗਾ; ਨੌਜਵਾਨ ਲੋਕ ਜ਼ਿੰਦਗੀ ਦੀ ਸ਼ੁਰੂਆਤ ਕਰ ਰਹੇ ਹਨ, ਇਸ ਤਰ੍ਹਾਂ। ਅਤੇ ਜਦੋਂ ਉਹ ਇੱਥੇ ਮੇਰੇ ਕੋਲ ਵਿਆਹ ਕਰਵਾਉਣ ਲਈ ਆਏ ਸਨ, ਕੱਲ੍ਹ, ਪਤਾ ਲਗਾ ਕਿ ਇੰਡੀਆਨਾ ਰਾਜ ਦੇ ਕਾਨੂੰਨ ਅਨੁਸਾਰ, ਭਾਵੇਂ ਉਨ੍ਹਾਂ ਦੇ ਖ਼ੂਨ ਦੀ ਜਾਂਚ ਹੋਈ ਹੋਵੇ, ਫਿਰ ਵੀ ਇੱਥੇ ਇੰਤਜ਼ਾਰ ਕਰਨਾ ਪਏਗਾ, ਤਿੰਨ ਦਿਨ, ਇਸ ਤੋਂ ਪਹਿਲਾਂ ਕਿ ਉਹ ਵਿਆਹ ਕਰਵਾ ਸਕਣ। ਇਸ ਲਈ ਸ਼ੁੱਕਰਵਾਰ ਸਵੇਰ ਤੱਕ ਉਨ੍ਹਾਂ ਦਾ ਵਿਆਹ ਨਹੀਂ ਹੋ ਸਕਦਾ।

35 ਅਤੇ ਮੈਂ ਅਖੀਰ ਤੇ ਬੈਠੇ ਆਪਣੇ ਭਾਈ ਨੂੰ ਪੁੱਛਾਂਗਾ, ਜੇ ਉਹ ਖੜ੍ਹਾ ਹੋ ਕੇ ਸਾਨੂੰ ਦੱਸੇਗਾ ਕਿ ਉਹ ਕੌਣ ਹੈ, ਅਤੇ ਉੱਥੇ ਉਸਦੀ ਪਿਆਰੀ ਛੋਟੀ ਜਿਹੀ ਔਰਤ ਹੈ, ਅਤੇ ਨਾਲ ਭਾਈ।

36 [ਭਾਈ ਕਹਿੰਦਾ ਹੈ, "ਤੁਹਾਡਾ ਧੰਨਵਾਦ, ਭਾਈ ਬ੍ਰਨਹਾਮ। ਇੱਥੇ ਹੋਣ ਦਾ ਸਨਮਾਨ ਮਿਲਿਆ। ਅਤੇ ਮੈਂ ਭਾਈ ਰੋਜਰ ਓ'ਨੀਲ ਹਾਂ, ਕੰਸਾਸ ਵਿੱਚ ਰਹਿੰਦਾ ਹਾਂ, ਇੱਕ ਪ੍ਰਚਾਰਕ ਦੇ ਰੂਪ ਵਿੱਚ, ਮੈਦਾਨ ਵਿੱਚ ਯਾਤਰਾ ਕਰਦਾ ਹਾਂ, ਇਹ ਦੱਸਦੇ ਹੋਏ, 'ਯਿਸੂ ਬਚਾਉਂਦਾ ਹੈ, ਚੰਗਾ ਕਰਦਾ ਹੈ, ਯਿਸੂ ਵਿੱਚ ਵਿਸ਼ਵਾਸ ਦੁਆਰਾ...?...' ਮੈਂ ਹਮੇਸ਼ਾ ਤਿਆਰ...?...ਇਹ ਮੇਰੀ ਮੰਗੇਤਰ, ਪੈਟਰੀਸ਼ੀਆ ਬ੍ਰਾਊਨ ਹੈ। ਅਸੀਂ ਸ਼ੁੱਕਰਵਾਰ ਨੂੰ, ਵਿਆਹ ਕਰਨ ਜਾ ਰਹੇ ਹਾਂ। ਇਹ ਮੇਰਾ ਸਹਿ-ਪ੍ਰਚਾਰਕ ਅਤੇ ਸਹਿ-ਕਰਮਚਾਰੀ, ਭਾਈ ਰੌਨੀ ਹੰਟ, ਇੱਥੇ ਅਖੀਰ ਵਿੱਚ ਹੈ। ਅਤੇ ਇਹ ਉਸਦੀ ਮੰਗੇਤਰ ਹੈ, ਕੈਰਲ...?...ਅਤੇ ਅਸੀਂ ਅੱਜ ਰਾਤ ਇੱਥੇ ਆ ਕੇ ਖੁਸ਼ ਹਾਂ।"—ਸੰਪਾ.]

37 ਤੁਹਾਡਾ ਬਹੁਤ ਬਹੁਤ, ਧੰਨਵਾਦ। ਅਸੀਂ ਯਕੀਨੀ ਤੌਰ ਤੇ ਇਨ੍ਹਾਂ ਨੌਜਵਾਨ ਰਾਜਦੂਤਾਂ ਨੂੰ, ਪ੍ਰਭੂ ਯਿਸੂ ਦੇ ਕੰਮ ਲਈ, ਪਰਮੇਸ਼ੁਰ ਦੀਆਂ ਅਸੀਸਾਂ ਦੀ ਕਾਮਨਾ ਕਰਦੇ ਹਾਂ, ਉਨ੍ਹਾਂ ਨੂੰ ਮਾਰਗ ਵਿੱਚ ਰਫ਼ਤਾਰ ਦੇਣ ਲਈ। ਅਤੇ ਮੈਂ ਸੋਚ ਰਿਹਾ ਹਾਂ, ਪ੍ਰਭੂ ਦੇ ਆਉਣ ਦੀ ਉਡੀਕ ਕਰ ਰਿਹਾ ਹਾਂ, ਅਤੇ ਜਵਾਨ ਆਦਮੀਆਂ ਅਤੇ ਮੁਟਿਆਰਾਂ ਨੂੰ ਦਿਲ ਵਿੱਚ ਇੱਕ ਉਦੇਸ਼ ਨਾਲ ਵੇਖ ਰਿਹਾ ਹਾਂ, ਮਸੀਹ ਦੀ ਸੇਵਾ ਕਰਨ ਲਈ, ਜੋ ਮੈਨੂੰ ਰੋਮਾਂਚਿਤ ਕਰਦਾ ਹੈ, ਦੇਖੋ, ਉਹਨਾਂ ਨੂੰ ਇਸ ਤਰ੍ਹਾਂ ਉਭਰਦੇ ਹੋਏ ਵੇਖਣਾ। ਪ੍ਰਭੂ ਤੁਹਾਨੂੰ ਆਸ਼ੀਸ਼ ਦਵੇ, ਬਹੁਤ ਜਿਆਦਾ, ਮੇਰੇ ਭਾਈ, ਭੈਣ।

38 ਹੁਣ ਅਸੀਂ ਇੱਕ ਛੋਟੀ ਜਿਹੀ ਕਿਤਾਬ ਵੱਲ ਮੁੜਦੇ ਹਾਂ ਜਿਸ ਬਾਰੇ ਮੈਂ ਆਪਣੀ ਜ਼ਿੰਦਗੀ ਵਿੱਚ, ਪਹਿਲਾਂ ਕਦੇ ਨਹੀਂ ਬੋਲਿਆ ਸੀ। ਅਤੇ ਇਹ ਇੱਕ ਬਹੁਤ ਹੀ...ਸਿਰਫ਼ ਇੱਕ ਅਧਿਆਇ ਹੈ, ਫਿਲੇਮੋਨ ਦੀ ਕਿਤਾਬ। ਅਤੇ ਇਹ ਇੱਕ...

39 ਮੈਂ ਥੋੜਾ ਜਿਹਾ ਆਇਰਿਸ਼ ਹਾਂ, ਅਤੇ ਮੇਰੇ—ਅਤੇ ਮੇਰੇ ਹੇਠਲੇ ਦੰਦਾਂ ਦੇ ਦੁਆਲੇ ਇੱਕ ਤਾਰ ਹੈ, ਪਿੱਛੇ ਇੱਕ ਜੋੜੇ ਨੂੰ ਜਗ੍ਹਾ ਵਿੱਚ ਰੱਖਣ ਲਈ। ਮੈਂ, ਮੈਂ, ਕਈ ਵਾਰ ਮੈਂ ਇਹਨਾਂ ਨਾਵਾਂ ਦਾ ਸਹੀ ਉਚਾਰਨ ਨਹੀਂ ਕਰਦਾ, ਜਦਕਿ ਮੈਨੂੰ ਪਤਾ ਹੁੰਦਾ ਹੈ ਕਿ ਉਹ ਕੀ ਹਨ। ਅਤੇ ਕਈ ਵਾਰ ਮੈਂ ਸਿੱਖਿਆ ਦੀ ਘਾਟ ਕਾਰਨ, ਉਹਨਾਂ ਨੂੰ ਸਹੀ ਨਹੀਂ ਕਹਿ ਸਕਦਾ। ਇਸ ਲਈ, "ਫਲੀਮਨ," ਕਿਸੇ ਨੇ ਪਿੱਛੇ ਕਿਹਾ, ਜੋ ਮੈਨੂੰ ਲਗਦਾ ਹੈ ਕਿ ਅਸਲ ਵਿੱਚ ਇਸਦਾ ਸਹੀ ਉਚਾਰਨ ਹੈ।

40 ਹੁਣ, ਪਹਿਲੀ ਆਇਤ, ਮੈਂ ਇਸ ਵਿੱਚੋਂ ਸਿਰਫ਼ ਇੱਕ ਜਾਂ ਦੋ ਸ਼ਬਦ ਲੈਣਾ ਚਾਹੁੰਦਾ ਹਾਂ।

*ਪੌਲੁਸ ਜਿਹੜਾ ਮਸੀਹ ਯਿਸੂ ਦਾ ਕੈਦੀ ਹਾਂ,...*

41 ਅਤੇ ਇਹ ਉਹ ਹੈ ਜੋ ਮੈਂ ਅੱਜ ਰਾਤ ਨੂੰ ਵਰਤਣਾ ਚਾਹੁੰਦਾ ਹਾਂ, ਇੱਕ ਵਿਸ਼ੇ ਦੇ ਤੌਰ ਤੇ, ਪ੍ਰਭੂ ਦੀ ਇੱਛਾ, ਹੈ: *ਇੱਕ ਕੈਦੀ।*

42 ਹੁਣ, ਤੁਹਾਡੇ ਲਈ ਇਹ ਕਲਪਨਾ ਕਰਨੀ ਔਖੀ ਹੈ ਕਿ ਪੌਲੁਸ ਆਪਣੇ ਆਪ ਨੂੰ ਇੱਕ ਕੈਦੀ ਦਸ ਰਿਹਾ ਹੈ। ਇੱਕ ਜਨਮ ਤੋਂ ਅਜਾਦ ਆਦਮੀ, ਪਵਿੱਤਰ ਆਤਮਾ ਨਾਲ ਭਰਿਆ ਹੋਇਆ ਹੈ, ਪਰ ਫਿਰ ਵੀ ਉਹ ਆਪਣੇ ਆਪ ਨੂੰ "ਇੱਕ ਕੈਦੀ" ਕਹਿੰਦਾ ਹੈ।

43 ਅਤੇ ਹੁਣ ਸਾਨੂੰ ਪਤਾ ਚਲਦਾ ਹੈ, ਜਦੋਂ ਉਹ ਕੁਰਿੰਥੀਆਂ ਨੂੰ ਸੰਬੋਧਿਤ ਕਰ ਰਿਹਾ ਸੀ, "ਪੌਲੁਸ, ਯਿਸੂ ਮਸੀਹ ਦਾ ਇੱਕ ਰਸੂਲ।" ਇੱਕ ਹੋਰ ਸਮੇਂ, "ਪੌਲੁਸ, ਪਰਮੇਸ਼ੁਰ ਦੀ ਇੱਛਾ ਦੁਆਰਾ ਯਿਸੂ ਮਸੀਹ ਦਾ ਇੱਕ ਸੇਵਕ," ਜਦੋਂ ਉਹ ਤਿਮੋਥਿਉਸ ਨਾਲ ਗੱਲ ਕਰ ਰਿਹਾ ਸੀ, ਵੱਖੋ-ਵੱਖਰੇ। ਹੁਣ ਜਦੋਂ ਉਹ ਇੱਥੇ ਫਿਲੇਮੋਨ ਨੂੰ ਲਿਖਦਾ ਹੈ, ਤਾਂ ਉਸਨੇ ਕਿਹਾ, "ਪੌਲੁਸ, ਯਿਸੂ ਮਸੀਹ ਦਾ ਇੱਕ ਕੈਦੀ।" "ਪੌਲੁਸ, ਇੱਕ ਰਸੂਲ," ਮੈਂ ਉਸ ਉੱਤੇ ਇੱਕ ਰਾਤ ਪ੍ਰਚਾਰ ਕਰਨਾ ਚਾਹਾਂਗਾ। "ਪੌਲੁਸ, ਇੱਕ—ਇੱਕ ਦਾਸ," ਉਸ ਉੱਤੇ ਪ੍ਰਚਾਰ ਕਰਾਂਗਾ। ਅਤੇ ਫਿਰ, "ਪੌਲੁਸ, ਇੱਕ ਕੈਦੀ।"

44 ਪਰ, ਅੱਜ ਰਾਤ, ਕਿਸੇ ਇੱਕ ਵਿਸ਼ੇ ਤੇ ਵਿਚਾਰ ਕਰਨ ਲਈ ਕਈ ਘੰਟੇ ਲੱਗ ਜਾਣਗੇ, ਮੈਂ ਅੱਜ ਰਾਤ, "ਪੌਲੁਸ, ਇੱਕ ਕੈਦੀ," ਨੂੰ ਲੈਣਾ ਚਾਹਾਂਗਾ ਅਤੇ ਵਿਸ਼ਾ ਲਵਾਂਗਾ: *ਇੱਕ ਕੈਦੀ।*

ਹੁਣ ਅਸੀਂ ਇੱਕ ਪਲ ਲਈ ਆਪਣਾ ਸਿਰ ਝੁਕਾਵਾਂਗੇ।

45 ਪ੍ਰਭੂ ਯਿਸੂ, ਕੋਈ ਵੀ ਆਦਮੀ, ਜੋ ਸਰੀਰਕ ਤੌਰ ਤੇ ਸਮਰੱਥ ਹੈ, ਇਸ ਬਾਈਬਲ ਦੇ ਪੰਨਿਆਂ ਨੂੰ ਪਰਤ ਸਕਦਾ ਹੈ, ਪਰ ਕੇਵਲ ਪਵਿੱਤਰ ਆਤਮਾ ਹੀ ਇਸਦੀ ਉਸ ਪ੍ਰਕਾਸ਼ ਵਿੱਚ ਵਿਆਖਿਆ ਕਰ ਸਕਦੀ ਹੈ ਜਿਸ ਲਈ ਇਹ ਹੈ। ਅਸੀਂ ਉਸਨੂੰ ਹੁਣੇ ਆਉਣ ਲਈ ਅਤੇ ਇਹ ਸਮਝਣ ਵਿੱਚ ਸਾਡੀ ਮਦਦ ਕਰਨ ਲਈ ਕਹਿੰਦੇ ਹਾਂ ਕਿ ਇਹ ਕੀ ਸੀ, ਜੋ ਸੰਬੋਧਿਤ ਕੀਤਾ ਗਿਆ ਸੀ, ਇਹ ਮਹਾਨ, ਸ਼ਕਤੀਸ਼ਾਲੀ ਨਬੀ, ਪੌਲੁਸ ਹੈ, ਅਤੇ ਫਿਰ ਵੀ ਆਪਣੇ ਆਪ ਨੂੰ "ਇੱਕ ਕੈਦੀ" ਕਹਿੰਦਾ ਹੈ। ਪਵਿੱਤਰ ਆਤਮਾ ਸਾਨੂੰ ਇਹ ਪ੍ਰਗਟ ਕਰੇ ਕਿਉਂਕਿ ਅਸੀਂ ਯਿਸੂ ਮਸੀਹ ਦੇ ਨਾਮ ਵਿੱਚ, ਉਸਨੂੰ ਉਡੀਕ ਰਹੇ ਹਾਂ। ਆਮੀਨ।

46 ਹੁਣ ਮੈਂ ਕਲਪਨਾ ਕਰ ਸਕਦਾ ਹਾਂ, ਪੌਲੁਸ, ਜਦੋਂ ਉਸਨੇ ਫਿਲੇਮੋਨ ਨੂੰ ਇਹ ਚਿੱਠੀ ਲਿਖੀ ਸੀ, ਕਿਵੇਂ ਉਹ ਜੇਲ੍ਹ ਵਿੱਚ ਬੈਠਾ ਸੀ, ਇਸ ਸ਼ਹਿਰ ਦੀ ਕੋਠੜੀ ਵਿੱਚ, ਇੱਕ—ਇੱਕ—ਇੱਕ ਕੈਦੀ। ਅਤੇ ਉਹ ਚੰਗੀ ਤਰ੍ਹਾਂ ਜਾਣਦਾ ਸੀ, ਉਸਦੀ ਹਾਲਤ ਦੁਆਰਾ ਇਸ ਸ਼ਬਦ ਦਾ ਕੀ ਅਰਥ ਸੀ। ਉਹ ਸਲਾਖ਼ਾਂ ਨਾਲ—ਨਾਲ—ਨਾਲ ਘਿਰਿਆ ਹੋਇਆ ਸੀ। ਉਸ ਨੂੰ ਕੇਵਲ ਇੱਕੋ ਤਰੀਕੇ

ਨਾਲ ਆਜ਼ਾਦ ਕੀਤਾ ਜਾ ਸਕਦਾ ਸੀ ਜੇ ਕੋਈ ਉਸ ਨੂੰ ਆਜ਼ਾਦ ਹੋਣ ਦਿੰਦਾ। ਅਤੇ ਉਹ ਜਾਣਦਾ ਸੀ ਕਿ ਕੈਦੀ ਹੋਣਾ ਕੀ ਸੀ। ਅਤੇ ਫਿਰ, ਦੁਬਾਰਾ, ਮੈਂ ਵਿਸ਼ਵਾਸ ਕਰਦਾ ਹਾਂ ਕਿ—ਕਿ ਰਸੂਲ ਦਾ ਮਤਲਬ ਸਿਰਫ ਥੋੜਾ ਜਿਹਾ... ਆਪਣੀ ਮੌਜੂਦਾ ਹਾਲਤ ਨੂੰ ਸੰਬੋਧਿਤ ਨਹੀਂ ਕਰ ਰਿਹਾ ਸੀ, ਉਸ ਦੇ ਭੌਤਿਕ ਸਰੀਰ ਦਾ—ਦਾ ਕੈਦੀ ਹੋਣ ਦੇ ਕਰਕੇ ਉਹ ਇਸ ਕੈਦ ਵਿੱਚ—ਵਿੱਚ ਬੈਠਾ ਹੋਇਆ ਸੀ। ਪਰ ਮੇਰਾ ਮੰਨਣਾ ਹੈ ਕਿ ਉਹ ਉਸਦੇ—ਉਸਦੇ ਹੋਣ ਦਾ ਹਵਾਲਾ ਦੇ ਰਿਹਾ ਸੀ, ਉਸਦੀ—ਉਸਦੀ—ਉਸਦੀ ਆਤਮਾ, ਉਸਦੀ ਇੱਛਾ, ਜੋ ਯਿਸੂ ਮਸੀਹ ਦੀ ਇੱਕ ਕੈਦੀ ਸੀ।

47 ਹੁਣ, ਅਸੀਂ ਸਾਰਿਆਂ ਨੇ ਜਨਮ ਲਿਆ ਹੈ, ਇੱਕ ਆਜ਼ਾਦ ਨੈਤਿਕ ਜਿੰਮੇਵਾਰੀ, ਕੋਈ ਵੀ ਫੈਸਲਾ ਲੈਣ ਲਈ ਜੋ ਅਸੀਂ ਚਾਹੁੰਦੇ ਹਾਂ। ਪਰਮੇਸ਼ੁਰ ਸਹੀ ਢੰਗ ਨਾਲ ਅਜਿਹਾ ਕਰਦਾ ਹੈ। ਕਿਉਂਕਿ, ਉਸਨੂੰ ਹਰ ਆਦਮੀ ਨੂੰ ਉਸੇ ਅਧਾਰ ਤੇ ਰੱਖਣਾ ਚਾਹੀਦਾ ਹੈ, ਜਾਂ ਉਸਨੇ ਗਲਤ ਆਦਮੀ ਨੂੰ...ਉਸਨੇ ਪਹਿਲੇ ਆਦਮੀ ਨੂੰ ਗਲਤ ਅਧਾਰ ਤੇ ਰੱਖਿਆ, ਜਿਸ ਨੂੰ ਉਸਨੇ ਅਜਾਦ ਨੈਤਿਕ ਜਿੰਮੇਦਾਰੀ ਤੇ ਰੱਖਿਆ। ਦੇਖੋ? ਅਸੀਂ ਬਿਲਕੁਲ ਠੀਕ ਹਾਂ, ਅੱਜ ਰਾਤ, ਆਦਮ ਅਤੇ ਹੱਵਾਹ ਵਾਂਗ। ਕੋਈ ਵੱਖਰਾ ਨਹੀਂ ਹੈ। ਸਾਡੇ ਵਿੱਚੋਂ ਹਰੇਕ ਦੇ ਸਾਹਮਣੇ ਸਹੀ ਅਤੇ ਗਲਤ ਨੂੰ ਰੱਖਿਆ ਜਾਂਦਾ ਹੈ। ਜੀਵਨ ਅਤੇ ਮੌਤ, ਅਸੀਂ ਆਪਣੀ ਚੋਣ ਕਰ ਸਕਦੇ ਹਾਂ; ਇਹ ਤੁਹਾਡੇ ਤੇ ਨਿਰਭਰ ਕਰਦਾ ਹੈ, ਇਸਨੂੰ ਚੁਣਨਾ। ਸਮਝੇ?

48 ਆਦਮ ਅਤੇ ਹੱਵਾਹ ਨੇ ਵੀ ਇਸ ਤਰ੍ਹਾਂ ਕੀਤਾ, ਅਤੇ, ਵੇਖੋ, ਅਤੇ—ਅਤੇ ਉਨ੍ਹਾਂ ਨੇ ਗਲਤ ਚੋਣ ਕੀਤੀ। ਅਤੇ ਹੁਣ, ਉਸ ਦੁਆਰਾ, ਮਨੁੱਖ ਜਾਤੀ ਦੀ, ਸਾਰੀ ਨਸਲ, ਮੌਤ ਦੇ ਹੇਠ, ਮੌਤ ਦੀ ਸਜ਼ਾ ਦੇ ਹੇਠ ਲੈ ਆਂਦੀ।

49 ਅਤੇ ਫਿਰ ਪਰਮੇਸ਼ੁਰ ਮਨੁੱਖ ਦੇ ਰੂਪ ਵਿੱਚ ਹੇਠਾਂ ਆਇਆ ਅਤੇ ਉਸ ਮੌਤ ਨੂੰ ਲੈ ਲਿਆ, ਅਤੇ ਮੌਤ ਦੀ ਸਜ਼ਾ ਦਾ ਭੁਗਤਾਨ ਕੀਤਾ, ਤਾਂ ਜੋ...ਉਸਦੀ ਪਰਜਾ ਜੋ ਆਜ਼ਾਦ ਹੋਣਾ ਚਾਹੁੰਦੀ ਸੀ—ਆਜ਼ਾਦ ਹੋ ਸਕੇ।

50 ਹੁਣ, ਜੇ ਉਸ ਨੇ ਸਾਨੂੰ ਲੈ ਲਿਆ, ਜਿਸ ਤਰ੍ਹਾਂ ਉਸਨੇ ਆਦਮ ਅਤੇ ਹੱਵਾਹ ਨਾਲ ਕੀਤਾ ਉਸ ਤਰ੍ਹਾਂ ਨਹੀਂ, ਬੱਸ ਸਾਨੂੰ ਕਿਸੇ ਚੀਜ਼ ਦੁਆਰਾ ਬਾਹਰ ਕੱਢ ਲਿਆ, ਕਿਹਾ, "ਮੈਂ ਤੁਹਾਨੂੰ ਬਚਾਵਾਂਗਾ ਭਾਵੇਂ ਤੁਸੀਂ ਬਚਣਾ ਚਾਹੁੰਦੇ ਹੋ ਜਾਂ ਨਹੀਂ," ਤਾਂ ਉਸਨੇ ਆਦਮ ਅਤੇ ਹੱਵਾਹ ਨੂੰ ਗਲਤ ਅਧਾਰ ਤੇ—ਤੇ ਰੱਖਿਆ, ਤੁਸੀਂ ਵੇਖੋ। ਪਰ ਸਾਡੇ ਵਿੱਚੋਂ ਹਰ ਇੱਕ ਨੂੰ, ਇਸ ਦਿਨ, ਮੌਤ ਅਤੇ ਜੀਵਨ ਦੇ ਵਿੱਚੋਂ ਇੱਕ ਨੂੰ ਚੁਣਨਾ ਪੈਂਦਾ ਹੈ। ਅਸੀ ਇਹ ਕਰ ਸਕਦੇ ਹਾਂ।

51 ਜਿਵੇਂ ਕਿ ਮੈਂ ਹੁਣੇ ਜਾਹਿਰ ਕੀਤਾ ਹੈ, ਜੇ ਤੁਹਾਡਾ ਪ੍ਰਕਾਸ਼ ਸਾਬਤ ਕਰੇਗਾ, ਤਾਂ ਤੁਹਾਡਾ ਜੀਵਨ ਇਹ ਸਾਬਤ ਕਰੇਗਾ ਕਿ ਤੁਸੀਂ ਕਿਸ ਪਾਸੇ ਹੋ। ਮੈਨੂੰ ਪਰਵਾਹ ਨਹੀਂ ਕਿ ਤੁਸੀਂ ਕਿਸ ਪਾਸੇ ਹੋ। ਜੋ ਤੁਸੀਂ ਕਰਦੇ ਹੋ, ਹਰ ਰੋਜ਼, ਇਹ ਸਾਬਤ ਕਰਦਾ ਹੈ ਕਿ ਤੁਸੀਂ ਕੀ ਹੋ। ਤੁਸੀਂ ਪੁਰਾਣੀ ਕਹਾਵਤ ਸੁਣੀ ਹੈ, "ਤੁਹਾਡਾ ਜੀਵਨ ਬਹੁਤ ਉੱਚਾ ਹੈ, ਮੈਂ ਤੁਹਾਡੀ ਗਵਾਹੀ ਨਹੀਂ ਸੁਣ ਸਕਦਾ।" ਸਮਝੇ? ਤੁਹਾਡੇ—ਤੁਹਾਡੇ ਕੰਮ ਬਹੁਤ ਉੱਚੇ ਹਨ।

52 ਮੈਂ ਹਮੇਸ਼ਾ ਚਿਲਾਉਣ ਅਤੇ ਉਛਲਣ ਵਿੱਚ ਵਿਸ਼ਵਾਸ ਕੀਤਾ ਹੈ। ਪਰ ਮੈਂ ਹਮੇਸ਼ਾ ਕਿਹਾ ਹੈ, "ਆਪਣੇ ਜੀਵਨ ਨਾਲੋਂ ਜਿਆਦਾ ਨਾ ਉਛਲੋ, ਕਿਉਂਕਿ ਦੁਨੀਆ ਇਸ ਨੂੰ ਦੇਖ ਰਹੀ ਹੈ।" ਤੁਸੀਂ ਵੇਖਿਆ? ਤੁਹਾਨੂੰ ਉਨਾਂ ਉੱਚਾ ਉਛਲਣਾ ਚਾਹੀਦਾ ਹੈ ਜਿਨਾ ਉੱਚਾ ਤੁਹਾਡਾ ਜੀਵਨ ਹੈ, ਇਸ ਲਈ, ਕਿਉਂਕਿ ਕੋਈ ਤੁਹਾਨੂੰ ਦੇਖ ਰਿਹਾ ਹੈ। ਅਤੇ ਹੁਣ ਜਦੋਂ…

53 ਲੋਕ ਕਲੀਸਿਯਾ ਵਿੱਚ ਨਹੀਂ ਆਉਂਦੇ। ਉਹ—ਉਹ, ਉਨ੍ਹਾਂ ਵਿੱਚੋਂ ਬਹੁਤ ਸਾਰੇ, ਇਹ ਨਹੀਂ ਕਰਨਗੇ। ਅਤੇ ਉਨ੍ਹਾਂ, ਨਾ ਆਉਣ ਵਾਲਿਆਂ ਵਿੱਚੋਂ ਕੁਝ, ਨੇਕਦਿਲ ਲੋਕ ਹਨ। ਉਹ ਕਲੀਸਿਯਾ ਵਿੱਚ ਇੰਨਾ ਭ੍ਰਿਸ਼ਟਾਚਾਰ ਦੇਖ ਚੁੱਕੇ ਹਨ, ਏਥੋਂ ਤੱਕ ਉਹ ਇਸ ਨਾਲ ਕੋਈ ਲੈਣਾ ਦੇਣਾ ਨਹੀਂ ਰੱਖਣਾ ਚਾਹੁੰਦੇ। ਅਤੇ ਕਈ ਵਾਰ, ਅਸੀਂ ਇਸ ਬਾਰੇ ਇੱਕ ਪੱਧਰ ਤੇ ਵਿਚਾਰ ਕਰਦੇ ਹਾਂ, ਤੁਸੀਂ ਸ਼ਾਇਦ ਹੀ ਉਨ੍ਹਾਂ ਨੂੰ ਦੋਸ਼ੀ ਠਹਿਰਾ ਸਕਦੇ ਹੋ, ਦੇਖੋ, ਕਿਉਂਕਿ ਜਿਸ ਤਰ੍ਹਾਂ—ਤਰ੍ਹਾਂ ਲੋਕ ਵਿਹਾਰ ਕਰਦੇ ਹਨ। ਉਹ ਆਪਣੇ ਆਪ ਨੂੰ ਮਸੀਹੀ ਕਹਿੰਦੇ ਹਨ। ਉਹ ਸਭ ਤੋਂ ਵੱਡੀ ਠੋਕਰ ਹਨ ਜੋ ਸੰਸਾਰ ਨੂੰ ਮਿਲੀ ਹੈ, ਉਹ ਆਦਮੀ ਅਤੇ ਔਰਤਾਂ ਹਨ ਜੋ ਇੱਕ ਮਸੀਹੀ ਹੋਣ ਦਾ ਦਾਅਵਾ ਕਰਦੇ ਹਨ, ਅਤੇ ਆਪਣੇ ਦਾਅਵੇ ਤੋਂ ਕੁਝ ਵੱਖਰਾ ਜੀਵਨ ਵਤੀਤ ਕਰਦੇ ਹਨ। ਬਿਲਕੁਲ ਸਹੀ।

54 ਹੁਣ, ਨਿਆਂ ਦੇ ਵੇਲੇ ਨਿਰਾਸ਼ਾ ਹੋਵੇਗੀ। ਹੁਣ, ਪਾਪੀ, ਸ਼ਰਾਬੀ, ਜੁਆਰੀ, ਵਿਭਚਾਰੀ, ਉਹ—ਉਹ ਆਪਣੀ ਸਜਾ ਸੁਣ ਕੇ ਨਿਰਾਸ਼ ਨਹੀਂ ਹੋਵੇਗਾ, "ਸਦਾ ਦੀ ਅੱਗ ਵਿੱਚ ਜਾਣ ਲਈ।" ਉਹ ਨਿਰਾਸ਼ ਨਹੀਂ ਹੋਵੇਗਾ। ਪਰ ਉਹ ਸਾਥੀ ਜੋ ਆਪਣੇ ਆਪ ਨੂੰ ਕਿਸੇ ਕਲੀਸਿਯਾ ਦੇ ਦਾਅਵੇ ਦੇ ਪਿੱਛੇ ਛੁਪਾਉਣ ਦੀ ਕੋਸ਼ਿਸ਼ ਕਰ ਰਿਹਾ ਹੈ, ਇਹ ਉਹ ਲੜਕਾ ਹੈ ਜੋ ਨਿਆਂ ਦੇ ਦਿਨ ਨਿਰਾਸ਼ ਹੋਣ ਵਾਲਾ ਹੈ। ਸਮਝੇ? ਜੋ ਇੱਕ ਮਸੀਹੀ ਹੋਣ ਦਾ ਦਾਅਵਾ ਕਰਦਾ ਹੈ, ਅਤੇ ਕਿਸੇ ਹੋਰ ਤਰੀਕੇ ਨਾਲ ਜੀਵਨ ਵਤੀਤ ਕਰਦਾ ਹੈ। ਉਸ ਲਈ ਇਹ ਬਿਹਤਰ ਹੋਵੇਗਾ ਕਿ ਉਸਨੇ ਕਦੇ ਵੀ ਕਿਸੇ ਕਿਸਮ ਦਾ ਦਾਅਵਾ ਨਾ ਕੀਤਾ ਹੁੰਦਾ, ਸ਼ੁਰੂ ਤੋਂ ਹੀ, ਬਜਾਏ ਸ਼ੁਰੂ ਕਰਕੇ ਅਤੇ ਕੁਝ ਵੱਖਰਾ ਜੀਵਨ ਜੀਣ ਨਾਲੋਂ। ਕਿਉਂਕਿ, ਉਹ ਸਾਡੇ ਲਈ ਸਭ ਤੋਂ ਵੱਡੀ ਠੋਕਰ ਹੈ, ਇਹ ਉਸ ਦਾਅਵੇ ਕਰਨ ਵਾਲੇ ਲਈ ਹੈ

ਜੋ ਕਹਿੰਦਾ ਹੈ ਕਿ ਉਹ—ਉਹ—ਉਹ ਇਕ ਮਸੀਹੀ ਹੈ, ਅਤੇ ਕੁਝ ਵੱਖਰਾ ਜੀਵਨ ਵਤੀਤ ਕਰਦਾ ਹੈ।

55 ਹਮੇਸ਼ਾ, ਆਪਣੇ ਜੀਵਨ ਦਾ ਨਿਰਣਾ ਇਸ ਨਾਲ ਨਾ ਕਰੋ ਕਿ ਤੁਹਾਡੇ ਕੋਲ ਚਮਤਕਾਰ ਕਰਨ ਦੀ ਕਿੰਨੀ ਸ਼ਕਤੀ ਹੈ। ਅਤੇ ਅਸੀਂ ਆਪਣੇ ਆਪ ਦਾ ਇਸ ਗੱਲ ਨਾਲ ਨਿਆਂ ਨਹੀਂ ਕਰਦੇ ਕਿ ਸਾਡੇ ਕੋਲ ਵਚਨ ਦਾ ਕਿੰਨਾ ਕੁ ਗਿਆਨ ਹੈ। ਪਰ ਹਮੇਸ਼ਾਂ ਆਪਣੇ ਆਪ ਦਾ ਨਿਆਂ ਕਰੋ, ਪਿੱਛੇ ਦੇਖੋ ਅਤੇ ਜਾਂਚ ਕਰੋ ਕਿ ਤੁਹਾਡੇ ਵਰਤਮਾਨ ਸਮੇਂ ਦਾ ਜੀਵਨ ਜਿਸ ਨੂੰ ਤੁਸੀਂ ਜੀ ਰਹੇ ਹੋ ਕਿਹੋ ਜਿਹੇ ਫਲ ਪੈਦਾ ਕਰ ਰਿਹਾ ਹੈ। ਸਮਝੇ?

56 ਜਿਵੇਂ ਕਿ ਮੈਂ ਕੁਝ ਸਮਾਂ ਪਹਿਲਾਂ, ਫੀਨਿਕਸ, ਐਰੀਜ਼ੋਨਾ ਵਿੱਚ ਵਪਾਰੀਆਂ ਦੀ ਸਭਾ ਵਿੱਚ ਪ੍ਰਚਾਰ ਕੀਤਾ ਸੀ, ਯਿਸੂ ਦੇ ਪ੍ਰਤੀਬਿੰਬ ਦਾ, ਮਸੀਹੀ ਜੀਵਨ ਨੂੰ ਪ੍ਰਤੀਬਿੰਬਤ ਕਰਨਾ। ਮੈਂ ਕਿਹਾ ਕਿ ਮੈਂ ਇੱਥੇ ਕੈਂਟਕੀ ਵਿੱਚ ਪੈਦਾ ਹੋਇਆ ਸੀ, ਜਿੱਥੇ ਇਹ ਬਹੁਤ ਪੱਛੜਿਆ ਹੋਇਆ ਹੈ, ਖਾਸ ਕਰਕੇ ਜਦੋਂ ਮੈਂ ਇੱਕ ਬੱਚਾ ਸੀ। ਅਤੇ ਇੱਸ ਛੋਟੇ ਲੜਕੇ ਕੋਲ ਕਦੇ ਵੀ ਇੱਕ—ਇੱਕ—ਇੱਕ—ਇੱਕ ਘਰ ਨਹੀਂ ਸੀ ਜਿਵੇਂ ਕਿ ਸਾਡੇ ਕੋਲ ਇੱਥੇ ਹੈ, ਜਿੱਥੇ ਸਾਡੇ ਕੋਲ ਬਹੁਤ ਸਾਰੀਆਂ ਸੁੰਦਰ ਔਰਤਾਂ ਸਨ ਜਿਨ੍ਹਾਂ ਨੂੰ ਸ਼ੀਸ਼ੇ ਵਿੱਚੋਂ ਵੇਖਣਾ ਪੈਂਦਾ ਹੈ, ਸਾਰੇ ਘਰ ਵਿੱਚ, ਆਪਣੇ ਵਾਲਾਂ ਨੂੰ ਸਿਰਫ਼ ਸਹੀ ਰੱਖਣ ਲਈ, ਅਤੇ ਇਸ ਤਰ੍ਹਾਂ। ਪਰ ਉਸਦੇ ਕੋਲ ਇੱਕ ਛੋਟਾ ਜਿਹਾ ਸ਼ੀਸ਼ਾ ਸੀ, ਇੱਕ ਛੋਟਾ ਜਿਹਾ ਟੁਕੜਾ ਬਾਹਰਲੇ ਦਰੱਖਤ ਉੱਤੇ ਟੰਗਿਆ ਹੁੰਦਾ ਸੀ, ਜਿੱਥੇ ਧੋਣ ਵਾਲਾ ਬੈਂਚ ਸੀ, ਜਿੱਥੇ ਉਸਦੀ ਮਾਂ ਅਤੇ ਪਿਤਾ ਧੁਲਾਈ ਕਰਦੇ ਹੁੰਦੇ ਸਨ, ਅਤੇ ਉਹ ਆਪਣੇ ਵਾਲਾਂ ਨੂੰ ਕੰਘੀ ਕਰਦੇ ਸਨ, ਅਤੇ ਇਸ ਤਰ੍ਹਾਂ, ਦਰੱਖਤ ਤੇ ਲੱਗੇ ਪੁਰਾਣੇ ਸ਼ੀਸ਼ੇ ਦੇ ਇਸ ਛੋਟੇ ਜਿਹੇ ਟੁਕੜੇ ਵਿੱਚੋਂ।

57 ਸੱਚ ਕਹਾਂ ਤਾਂ, ਸਾਡੇ ਕੋਲ ਇਸ ਤਰ੍ਹਾਂ ਦਾ ਘਰ ਸੀ। ਕੋਈ ਵੀ ਸ਼ੀਸ਼ਾ ਵੇਖਣਾ ਚਾਹੁੰਦਾ ਹੈ, ਅਸੀਂ ਬੱਚੇ, ਸਾਨੂੰ ਇੱਕ ਡੱਬਾ ਲੈ ਕੇ ਧੋਣ ਵਾਲੇ ਬੈਂਚ ਤੇ ਖਲੋਣਾ ਪੈਂਦਾ ਸੀ, ਅਤੇ ਸ਼ੀਸ਼ੇ ਦੇ ਇੱਕ—ਇੱਕ ਟੁਕੜੇ ਵਿੱਚ ਵੇਖਣਾ, ਜੋ ਮੈਂ ਆਪ ਹੀ, ਇੱਕ ਕੂੜੇ ਵਿੱਚੋਂ ਚੁੱਕਿਆ ਸੀ। ਇਹ ਕੈਂਟਕੀ ਵਿੱਚ ਨਹੀਂ ਸੀ। ਇਹ ਇੱਥੇ ਇੰਡੀਆਨਾ ਵਿੱਚ ਹੈ, ਇੱਥੇ ਯੂਟਿਕਾ ਪਾਈਕ ਕੋਲ।

58 ਹੁਣ, ਇਸ ਛੋਟੇ ਬੱਚੇ ਨੇ ਆਪਣੇ ਆਪ ਨੂੰ ਇਸ ਤਰ੍ਹਾਂ ਕਦੇ ਨਹੀਂ ਦੇਖਿਆ ਸੀ। ਇਸ ਲਈ, ਉਹ ਆਪਣੀ ਦਾਦੀ ਨੂੰ ਮਿਲਣ ਲਈ, ਸ਼ਹਿਰ ਆਇਆ। ਅਤੇ...ਉਹ ਕਮਰੇ ਦੇ ਦੌਰੇ ਤੇ ਹੈ, ਦਾਦੀ ਦਾ ਇੱਕ ਘਰ ਸੀ ਜਿਸ ਦੇ ਦਰਵਾਜ਼ੇ ਤੇ ਪੂਰਾ ਸ਼ੀਸ਼ਾ ਸੀ। ਅਤੇ ਇਸ ਤਰ੍ਹਾਂ, ਛੋਟੇ ਲੜਕੇ ਨੇ, ਕਮਰੇ ਵਿੱਚ—ਵਿੱਚ ਭੱਜਦੇ ਹੋਏ, ਇੱਕ ਹੋਰ ਛੋਟੇ ਲੜਕੇ ਨੂੰ ਆਪਣੇ ਸਾਹਮਣੇ ਦੇਖਿਆ। ਅਤੇ ਉਹ

ਛੋਟਾ ਲੜਕਾ ਵੀ ਦੌੜ ਰਿਹਾ ਸੀ। ਇਸ ਲਈ ਉਸਨੇ ਸੋਚਿਆ ਕਿ ਉਸਨੂੰ ਕੁਝ ਮਿੰਟ ਰੁਕਣਾ ਚਾਹੀਦਾ ਹੈ ਅਤੇ ਦੇਖਣਾ ਚਾਹੀਦਾ ਹੈ ਕਿ ਛੋਟਾ ਬੱਚਾ ਕੀ ਕਰਨ ਜਾ ਰਿਹਾ ਹੈ। ਅਤੇ ਜਦੋਂ ਉਹ ਰੁਕਿਆ, ਤਾਂ ਛੋਟਾ ਲੜਕਾ ਰੁਕ ਗਿਆ। ਜਦੋਂ ਉਸਨੇ ਆਪਣਾ ਸਿਰ ਘੁਮਾਇਆ, ਤਾਂ ਛੋਟੇ ਲੜਕੇ ਨੇ ਵੀ ਆਪਣਾ ਸਿਰ ਘੁਮਾਇਆ। ਉਸਨੇ ਆਪਣਾ ਸਿਰ ਖੁਰਕਿਆ, ਛੋਟੇ ਲੜਕੇ ਨੇ ਵੀ ਆਪਣਾ ਸਿਰ ਖੁਰਕਿਆ। ਅੰਤ ਵਿੱਚ, ਨੇੜੇ ਗਿਆ, ਜਾਂਚ ਕਰਨ ਲਈ। ਅਤੇ ਉਹ ਪਿਛਾਂਹ ਮੁੜਿਆ। ਉਸਦੀ ਮਾਂ ਉਸਨੂੰ ਦੇਖ ਰਹੀ ਹੈ, ਅਤੇ ਉਸਦੀ ਦਾਦੀ, ਹੈਰਾਨੀ ਨਾਲ। ਕਿਹਾ, "ਕਿਉਂ, ਮਾਂ, ਇਹ ਮੈਂ ਹਾਂ।"

59 ਇਸ ਲਈ ਮੈਂ ਕਿਹਾ, "ਅਸੀਂ, ਵੀ, ਕੁਝ ਪ੍ਰਤੀਬਿੰਬਤ ਕਰ ਰਹੇ ਹਾਂ।" ਦੇਖੋ? ਸਾਡਾ ਜੀਵਨ ਪ੍ਰਤੀਬਿੰਬਤ ਹੁੰਦਾ ਹੈ।

60 ਅਤੇ ਹੁਣ, ਜੇ ਅਸੀਂ ਨੂਹ ਦੇ ਦਿਨਾਂ ਵਿੱਚ ਰਹੇ ਹੁੰਦੇ, ਤਾਂ ਅਸੀਂ ਕਿਸ ਦਾ ਪੱਖ ਲੈਂਦੇ? ਉਸ ਮਹਾਨ ਦਿਨ ਵਿਚ ਅਸੀਂ ਕਿਸ ਦਾ ਪੱਖ ਲੈਂਦੇ ਜਿਸ ਵਿਚ ਨੂਹ ਰਹਿੰਦਾ ਸੀ? ਮੂਸਾ ਦੇ ਦਿਨਾਂ ਵਿਚ ਅਸੀਂ ਕਿਹੜਾ ਪੱਖ ਲਿਆ ਹੁੰਦਾ? ਏਲੀਯਾਹ, ਨਬੀ, ਦੇ ਦਿਨਾਂ ਵਿੱਚ ਕਿਹੜਾ ਪੱਖ, ਜਦੋਂ ਸਾਰਾ ਸੰਸਾਰ ਆਧੁਨਿਕਤਾ ਦੇ—ਦੇ ਇੱਕ—ਇੱਕ ਵਿਸ਼ਾਲ ਸਮੂਹ ਵਿੱਚ ਘਿਰਿਆ ਹੋਇਆ ਸੀ, ਆਧੁਨਿਕ ਈਜ਼ਬਲ ਵਾਂਗ, ਅਤੇ ਪ੍ਰਭੂ ਦੇ ਸਾਰੇ ਸੇਵਕਾਂ ਨੂੰ ਦੁਨਿਆਵੀ ਤਰੀਕੇ ਨਾਲ ਬਾਹਰ ਕੱਢ ਦਿੱਤਾ ਸੀ? ਅਤੇ ਕਲੀਸਿਯਾ ਅਤੇ ਜਾਜਕ ਸਾਰੇ ਉਸ ਨੂੰ ਮੱਥਾ ਟੇਕ ਰਹੇ ਸਨ। ਕੀ ਤੁਸੀਂ ਪ੍ਰਸਿੱਧੀ ਦਾ ਪੱਖ ਲਿਆ ਹੁੰਦਾ, ਜਾਂ ਕੀ ਤੁਸੀਂ ਏਲੀਯਾਹ ਦੇ ਨਾਲ ਖੜ੍ਹੇ ਹੁੰਦੇ?

61 ਹੁਣ, ਪ੍ਰਭੂ ਯਿਸੂ ਦੇ ਦਿਨਾਂ ਵਿੱਚ, ਜਦੋਂ ਅਸੀਂ ਇਸ ਅਪ੍ਰਸਿੱਧ ਵਿਅਕਤੀ ਬਾਰੇ ਸੋਚਾਂਗੇ, ਸੰਸਾਰ ਲਈ ਅਨਪੜ੍ਹ, ਉਹ ਕਦੇ ਵੀ ਕੋਈ ਵੀ ਸਕੂਲ ਨਹੀਂ ਲੱਭ ਸਕੇ ਜਿਸ ਵਿੱਚ ਉਹ ਗਿਆ ਸੀ, ਅਤੇ ਕੋਈ—ਕੋਈ ਸੈਮੀਨਰੀ ਤਜੁਰਬਾ ਨਹੀਂ ਸੀ। ਅਤੇ—ਅਤੇ ਫਿਰ "ਨਾਜਾਇਜ਼ ਜਨਮ" ਦੇ ਨਾਮ ਨਾਲ ਉਠ ਖੜ੍ਹਾ ਹੋਇਆ। ਅਤੇ ਫਿਰ ਬਾਹਰ ਆਇਆ, ਇੱਕ ਇੰਜੀਲ ਦਾ ਪ੍ਰਚਾਰ ਕਰਦੇ ਹੋਏ ਜੋ ਉਸਦੇ ਬਿਲਕੁਲ ਉਲਟ ਸੀ ਜੋ ਉਹਨਾਂ ਨੂੰ ਸਿਖਾਇਆ ਗਿਆ ਸੀ। ਬਹੁਤ...ਅਤੇ ਸੇਵਕਾਂ ਅਤੇ ਉਹਨਾਂ ਦੇ ਸੰਗਠਨਾਂ ਦੀ ਨਿੰਦਾ ਕਰਦਾ ਸੀ, ਅਤੇ ਹੋਰ ਬਹੁਤ ਕੁਝ।

62 ਅਤੇ ਸੰਗਠਨਾਂ ਨੇ ਇੱਕ—ਇੱਕ—ਇੱਕ ਬਿਆਨ ਦਿੱਤਾ ਸੀ, "ਜੇ ਕੋਈ ਇਸ ਅਖੌਤੀ ਨਬੀ ਨੂੰ ਸੁਣਨ ਲਈ ਵੀ ਜਾਂਦਾ ਹੈ, ਉਸ ਨੂੰ ਪ੍ਰਾਰਥਨਾ ਸਥਾਨ ਤੋਂ ਬਾਹਰ ਕੱਢ ਦਿੱਤਾ ਜਾਵੇਗਾ," ਜੋ ਇੱਕ—ਇੱਕ ਘਾਤਕ ਪਾਪ ਸੀ। ਉਨ੍ਹਾਂ ਦਾ ਲੇਖਾ ਜੋਖਾ ਲਿਆ ਜਾਂਦਾ ਸੀ। ਉਹ ਕੇਵਲ ਲੇਲੇ ਦੇ ਲਹੂ ਦੇ ਹੇਠ ਹੀ

ਅਰਾਧਨਾ ਕਰ ਸਕਦੇ ਸਨ। ਉਨ੍ਹਾਂ ਨੂੰ ਇਸ ਕੁਰਬਾਨੀ ਲਈ ਆਉਣਾ ਪਿਆ। ਅਤੇ—ਅਤੇ ਜੱਦ ਉਹ ਬਾਹਰ ਕੱਢੇ ਦਿੱਤੇ ਗਏ ਸਨ, ਅਤੇ ਇਹ ਕਿੰਨੀ ਵੱਡੀ ਗੱਲ ਸੀ।

63 ਅਤੇ ਇਸ ਆਦਮੀ ਨੇ ਇਸ ਤਰ੍ਹਾਂ ਦੀ ਅਣਦੇਖੀ ਕੀਤੀ। ਅਤੇ ਫਿਰ ਵੀ ਉਹ ਪੂਰੀ ਤਰ੍ਹਾਂ ਵਚਨ ਦੇ ਨਾਲ ਸੀ, ਪਰ ਉਸ ਤਰੀਕੇ ਨਾਲ ਨਹੀਂ ਜਿਸ ਤਰ੍ਹਾਂ ਉਹ ਇਸ ਨੂੰ ਜਾਣਦੇ ਸਨ। ਤੁਸੀਂ ਕਿਹੜਾ ਪੱਖ ਲਿਆ ਹੁੰਦਾ? ਸਮਝੇ? ਹੁਣ, ਨਾ…ਤੁਹਾਡਾ ਜੀਵਨ ਜੋ ਤੁਸੀਂ ਹੁਣ ਜੀ ਰਹੇ ਹੋ, ਹੁਣ ਉਹੀ ਪ੍ਰਤੀਬਿੰਬਤ ਕਰਦਾ ਹੈ ਜੋ ਤੁਸੀਂ ਉਦੋਂ ਕੀਤਾ ਹੁੰਦਾ, ਕਿਉਂਕਿ ਤੁਹਾਡੇ ਅੰਦਰ ਅਜੇ ਵੀ ਉਹੀ ਆਤਮਾ ਹੈ। ਸਮਝੇ? ਜੇ ਤੁਸੀਂ ਹੁਣ ਉਸ ਪੱਖ ਨੂੰ ਲੈਂਦੇ ਹੋ, ਉਨ੍ਹਾਂ ਦੇ ਨਾਲ, ਤਾਂ ਤੁਸੀਂ ਉਦੋਂ ਵੀ ਇਹੀ ਕੀਤਾ ਹੁੰਦਾ। ਕਿਉਂਕਿ, ਜੋ ਆਤਮਾ ਹੁਣ ਤੁਹਾਡੇ ਅੰਦਰ ਹੈ ਉਹੀ ਉਸ ਸਮੇਂ ਲੋਕਾਂ ਵਿੱਚ ਸੀ। ਸਮਝੇ?

64 ਸ਼ੈਤਾਨ ਕਦੇ ਵੀ ਉਸਦੀ ਆਤਮਾ ਨਹੀਂ ਲੈਂਦਾ; ਉਹ ਸਿਰਫ਼ ਇੱਕ ਆਦਮੀ ਤੋਂ ਦੂਜੇ ਉੱਤੇ ਚਲਾ ਜਾਂਦਾ ਹੈ।

65 ਪਰਮੇਸ਼ੁਰ ਕਦੇ ਵੀ ਆਪਣੀ ਆਤਮਾ ਨਹੀਂ ਲੈਂਦਾ, ਨਹੀਂ; ਇਹ ਇੱਕ ਤੋਂ ਦੂਜੇ ਤੱਕ ਜਾਂਦਾ ਹੈ। ਸਮਝੇ?

66 ਇਸ ਲਈ, ਉਹੀ ਆਤਮਾ ਏਲੀਯਾਹ ਉੱਤੇ ਸੀ ਜੋ ਅਲੀਸ਼ਾ ਉੱਤੇ ਆਇਆ, ਉਹੀ ਜੋ ਯੂਹੰਨਾ ਬਪਤਿਸਮਾ ਦੇਣ ਵਾਲੇ ਉੱਤੇ ਸੀ, ਅਤੇ ਹੋਰ ਵੀ।

67 ਪਵਿੱਤਰ ਆਤਮਾ, ਮਸੀਹ ਉੱਤੇ ਸੀ, ਚੇਲਿਆਂ ਉੱਤੇ ਆਇਆ, ਸਭ ਜੋ ਹੇਠਾਂ ਸਨ, ਅਤੇ ਅਜੇ ਵੀ ਲੋਕਾਂ ਉੱਤੇ ਹੈ। ਤੁਸੀਂ ਸਮਝੇ? ਪਰਮੇਸ਼ੁਰ ਕਦੇ ਵੀ ਆਪਣੀ ਆਤਮਾ ਨਹੀਂ ਲੈਂਦਾ।

ਇਸ ਲਈ ਸਾਨੂੰ ਇੱਥੇ ਰੱਖਿਆ ਗਿਆ ਹੈ, ਇੱਕ ਚੋਣ ਕਰਨ ਲਈ।

68 ਅਤੇ ਮੈਂ—ਮੈਂ ਇੱਥੇ ਕਿਤੇ ਨਹੀਂ ਦੇਖ ਸਕਦਾ ਕਿ ਪੌਲੁਸ ਕਿਸੇ ਚੀਜ ਦਾ ਅਫ਼ਸੋਸ ਕਰ ਰਿਹਾ ਸੀ, ਜੱਦ ਉਹ ਕਹਿ ਰਿਹਾ ਸੀ ਕਿ ਉਹ ਇੱਕ ਕੈਦੀ ਸੀ। ਪਰ ਉਹ ਆਪਣੇ ਆਪ ਨੂੰ ਸੰਬੋਧਨ ਕਰ ਰਿਹਾ ਸੀ…ਮੈਂ ਵਿਸ਼ਵਾਸ ਕਰਦਾ ਹਾਂ ਕਿ ਪੌਲੁਸ ਨੇ, ਜਿਵੇਂ ਕਿ ਉਸਨੇ ਉਸ ਕਲਮ ਨਾਲ ਇਹ ਪੱਤਰ ਲਿਖਿਆ ਸੀ, ਇਹ ਪਵਿੱਤਰ ਆਤਮਾ ਹੀ ਸੀ ਜੋ ਉਸਨੂੰ ਇਹ ਲਿਖਣ ਲਈ ਪ੍ਰੇਰਿਤ ਕਰ ਰਿਹਾ ਸੀ। ਤਾਂ ਜੋ, ਸ਼ਾਇਦ, ਇਸ ਰਾਤ ਨੂੰ ਵੀ, ਤਾਂ ਜੋ ਅਸੀਂ ਆਪਣੇ ਪਾਠ ਦੇ ਸੰਦਰਭ ਨੂੰ ਲੈ ਸਕੀਏ, ਇਹ ਦਿਖਾਉਣ ਲਈ ਕਿ ਪੌਲੁਸ ਨੇ ਅਜਿਹਾ ਕਿਉਂ ਕੀਤਾ। ਕਿਉਂਕਿ, ਇਹ ਵਚਨ ਹੈ, ਅਤੇ ਵਚਨ ਅਨੰਤ ਹੈ। ਮੇਰਾ ਮੰਨਣਾ ਹੈ, ਕਿ, ਇਸ ਗੰਦੀ ਪੁਰਾਣੀ ਜੇਲ੍ਹ ਵਿੱਚ ਬੈਠੇ ਹੋਏ, ਪੌਲੁਸ ਆਪਣੇ ਸਾਥੀ ਨੂੰ ਲਿਖ ਰਿਹਾ ਸੀ, ਕਿ, ਉਸਦਾ ਭਰਾ, ਕਿ ਉਹ "ਯਿਸੂ ਮਸੀਹ ਦਾ ਕੈਦੀ" ਸੀ।

ਇਸ ਲਈ, ਉਹ ਆਪਣੇ ਆਲੇ ਦੁਆਲੇ ਨੂੰ ਦੇਖ ਕੇ ਦਸ ਰਿਹਾ ਸੀ। ਹੁਣ, ਉਹ ਜੇਲ੍ਹ ਵਿੱਚ ਸੀ, ਪਰ ਇਹ ਉਹ ਨਹੀਂ ਸੀ ਜਿਸ ਦੀ ਉਹ ਗੱਲ ਕਰ ਰਿਹਾ ਸੀ, ਇਹ—ਇਹ ਮਸੀਹ ਦਾ ਇਹ ਸੇਵਕ, ਉਸਦੇ ਨਾਲ ਇੱਕ ਸੇਵਕ ਸੀ। ਉਹ ਬੋਲ ਰਿਹਾ ਸੀ ਕਿ ਉਹ ਯਿਸੂ ਮਸੀਹ ਦੇ ਵਚਨ ਦਾ ਕੈਦੀ ਸੀ, ਕਿਉਂਕਿ ਮਸੀਹ ਵਚਨ ਹੈ।

69 ਅਤੇ ਪੌਲੁਸ ਆਪਣੇ ਦਿਨਾਂ ਵਿੱਚ ਇੱਕ ਮਹਾਨ ਵਿਦਵਾਨ ਸੀ। ਉਸ ਦੀ ਵੱਡੀ ਚਾਹ ਸੀ। ਉਹ ਇੱਕ—ਉਹ ਇੱਕ—ਇੱਕ—ਇੱਕ ਆਦਮੀ ਸੀ ਜਿਸਨੂੰ ਸਿਖਲਾਈ ਦਿੱਤੀ ਗਈ ਸੀ...ਲੋਕਾਂ ਦੁਆਰਾ, ਗਮਲੀਏਲ ਨਾਮ ਦੇ ਇੱਕ ਆਦਮੀ ਦੁਆਰਾ, ਜੋ ਆਪਣੇ ਜ਼ਮਾਨੇ ਦਾ ਇੱਕ ਮਹਾਨ ਸਿਖਿਅਕ ਸੀ, ਸਭ ਤੋਂ ਮਹਾਨ ਸਕੂਲਾਂ ਵਿੱਚੋਂ ਇੱਕ ਜਿਸ ਵਿੱਚ ਉਹ ਜਾ ਸਕਦਾ ਸੀ। ਉਦਾਹਰਨ ਲਈ, ਜਿਵੇਂ ਅਸੀਂ ਕਹਿੰਦੇ ਹਾਂ, ਵ੍ਹੀਟਨ, ਜਾਂ ਬੌਬ ਜੋਨਸ, ਜਾਂ ਕੋਈ ਵੱਡਾ ਬੁਨਿਆਦੀ ਸਕੂਲ। ਉਸ ਨੂੰ ਵਚਨ ਦੇ ਸੇਵਕ ਦੇ—ਦੇ—ਦੇ ਤੌਰ ਤੇ ਸਿਖਾਇਆ ਗਿਆ ਸੀ। ਅਤੇ ਉਹ ਚੰਗੀ ਤਰ੍ਹਾਂ ਪੜ੍ਹਿਆ ਲਿਖਿਆ, ਅਤੇ ਹੁਸ਼ਿਆਰ ਸੀ, ਅਤੇ ਇੱਕ ਬੁੱਧੀਮਾਨ ਲੜਕਾ ਜਿਸਦੀ ਇੱਕ ਮਹਾਨ ਇੱਛਾ ਹੈ ਕਿ ਸ਼ਾਇਦ ਕਿਸੇ ਦਿਨ ਆਪਣੇ ਲੋਕਾਂ ਲਈ ਇੱਕ ਜਾਜਕ ਜਾਂ ਮਹਾਂ ਜਾਜਕ ਬਣ ਜਾਵੇ।

70 ਉਸਦੀ ਇੱਕ ਚਾਹ ਸੀ। ਅਤੇ ਫਿਰ ਇਹ ਪਤਾ ਲੱਗਦਾ ਹੈ, ਕਿ, ਇਹਨਾਂ ਮਹਾਨ ਇੱਛਾਵਾਂ ਲਈ ਉਸਨੂੰ ਸਿਖਲਾਈ ਦਿੱਤੀ ਗਈ ਸੀ, ਅਤੇ ਇਸ ਲਈ ਉਸਨੇ ਆਪਣਾ ਸਾਰਾ ਜੀਵਨ ਬਿਤਾਇਆ ਸੀ, ਸ਼ਾਇਦ ਅੱਠ ਜਾਂ ਦਸ ਸਾਲ ਦੀ ਉਮਰ ਤੋਂ, ਲਗਭਗ ਤੀਹ ਜਾਂ ਪੈਂਤੀ ਸਾਲ ਦੀ ਉਮਰ ਤੱਕ, ਜਦੋਂ ਉਸਨੇ ਕਾਲਜ ਖਤਮ ਕੀਤਾ ਅਤੇ ਗ੍ਰੈਜੂਏਟ ਹੋਇਆ; ਅਤੇ ਉਸ ਕੋਲ ਸਾਰੇ ਡਿਪਲੋਮੇ ਅਤੇ ਸਭ ਕੁਝ ਸੀ, ਅਤੇ ਸਾਰੇ ਪਾਦਰੀਆਂ ਦੇ—ਦੇ ਨਾਲ ਚੰਗਾ ਸੀ, ਯਰੂਸ਼ਲਮ ਦੇ ਪ੍ਰਧਾਨ ਜਾਜਕ ਨਾਲ ਵੀ। ਉਸ ਕੋਲ ਉਸ ਵੱਲੋਂ ਆਦੇਸ਼ ਸਨ, ਨਿੱਜੀ ਆਦੇਸ਼, ਲਿਖਤੀ, ਅਤੇ ਇਸ ਮਹਾਨ ਸ਼ਾਊਲ ਨੂੰ ਸੌਂਪੇ ਗਏ ਸਨ, "ਦੰਮਿਸਕ ਨੂੰ ਜਾਣ ਲਈ ਅਤੇ ਉੱਥੇ ਉਨ੍ਹਾਂ ਸਾਰਿਆਂ ਨੂੰ ਲੱਭਣ ਲਈ ਜਿਹੜੇ ਪਰਮੇਸ਼ੁਰ ਦੀ ਉਪਾਸਨਾ ਉਸ ਦੇ ਉਲਟ ਕਰਦੇ ਸਨ ਜਿਵੇਂ ਉਸ ਨੇ ਕਿਹਾ ਸੀ, ਅਤੇ ਉਨ੍ਹਾਂ ਨੂੰ ਬੰਨ੍ਹ ਕੇ ਜੇਲ੍ਹ ਵਿੱਚ ਬੰਦ ਕਰਨ ਲਈ।" ਜੇ ਲੋੜ ਪਵੇ, ਤਾਂ ਉਸ ਕੋਲ ਉਨ੍ਹਾਂ ਨੂੰ ਮੌਤ ਦੇ ਘਾਟ ਉਤਾਰ ਦੇਣ ਦਾ ਹੁਕਮ ਸੀ, ਜੇ ਉਹ ਚਾਹੁੰਦਾ ਤਾਂ। ਉਹ ਸੀ... ਉਸਦੀ ਵੱਡੀ ਚਾਹ ਸੀ।

71 ਅਤੇ ਹੁਣ, ਉਹ ਸਭ ਕੁਝ ਜਿਸ ਲਈ ਉਸਨੂੰ ਸਿਖਲਾਈ ਦਿੱਤੀ ਗਈ ਸੀ, ਪਰਮੇਸ਼ੁਰ ਨੇ ਇਹ ਸਭ ਉਸ ਤੋਂ ਲੈ ਲਿਆ। ਸਮਝੇ? ਅਤੇ ਜੋ ਵੀ ਉਸਦਾ

ਉਦੇਸ਼ ਸੀ, ਅਤੇ ਉਸਦੇ ਪਿਤਾ ਨੇ ਜੋ ਵੀ ਪੈਸਾ ਉਸ ਲਈ ਖਰਚ ਕੀਤਾ ਸੀ, ਅਤੇ ਉਸਦੇ ਪਿਤਾ ਅਤੇ ਮਾਤਾ ਦੀਆਂ ਇੱਛਾਵਾਂ, ਸਭ ਕੁਝ ਉਸ ਤੋਂ ਖੋਹ ਲਿਆ ਗਿਆ ਸੀ ਕਿਉਂਕਿ—ਕਿਉਂਕਿ ਪਰਮੇਸ਼ੁਰ ਕੋਲ ਕੁਝ ਹੋਰ ਸੀ। ਇਸ ਲਈ, ਉਹ ਉਸਦੇ ਉਦੇਸ਼ ਤੋਂ ਇੱਕ ਕੈਦੀ ਸੀ ਜੋ ਉਸਦੇ ਜੀਵਨ ਵਿੱਚ ਸੀ, ਅਤੇ ਉਹ ਯਿਸੂ ਮਸੀਹ ਲਈ ਇੱਕ ਕੈਦੀ ਬਣ ਗਿਆ ਸੀ, ਜੋ ਵਚਨ ਸੀ।

72 ਦੰਮਿਸਕ ਜਾਣ ਵਾਲੀ ਸੜਕ ਨੇ ਪੌਲੁਸ ਨੂੰ ਬਦਲ ਦਿੱਤਾ। ਹੇਠਾਂ ਜਾ ਰਿਹਾ ਸੀ, ਲਗਭਗ ਗਿਆਰਾਂ ਵਜੇ, ਸ਼ਾਇਦ, ਇੱਕ ਦਿਨ ਵਿੱਚ, ਜੱਦ ਉਸ ਨੂੰ ਘਾਇਲ ਕੀਤਾ ਗਿਆ ਸੀ। ਅਤੇ ਉਸਨੇ ਇੱਕ ਅਵਾਜ਼ ਸੁਣੀ, "ਸ਼ਾਊਲ, ਤੂੰ ਮੈਨੂੰ ਕਿਉਂ ਸਤਾਉਂਦਾ ਹੈਂ?" ਅਤੇ ਉਸਨੇ ਉੱਪਰ ਦੇਖਿਆ। ਅਤੇ ਉੱਪਰ ਵੇਖਦੇ ਹੋਏ, ਇੱਕ ਯਹੂਦੀ ਹੋਣ ਕਰਕੇ, ਉਹ ਜਾਣਦਾ ਸੀ ਕਿ ਅੱਗ ਦਾ ਥੰਮ੍ਹ ਯਹੋਵਾਹ ਸੀ ਜਿਸਨੇ ਇਸਰਾਏਲੀਆਂ ਦੀ ਅਗਵਾਈ ਕੀਤੀ, ਕਿਉਂਕਿ ਉਹ ਜਾਣਦਾ ਸੀ ਕਿ ਇਹ ਉਹੀ ਸੀ।

73 ਯਾਦ ਰੱਖੋ, ਇਸ ਇਬਰਾਨੀ ਨੇ ਕਦੇ ਵੀ ਕਿਸੇ ਚੀਜ਼ ਨੂੰ "ਪ੍ਰਭੂ" ਨਹੀਂ ਕਿਹਾ ਹੋਵੇਗਾ, ਵੱਡਾ ਐਲ-ਓ-ਆਰ-ਡੀ, ਈਲੋਹੀਮ, ਜਦੋਂ ਤੱਕ ਉਹ ਸੰਤੁਸ਼ਟ ਨਹੀਂ ਹੁੰਦਾ ਕਿ ਇਹ ਉਹੀ ਸੀ, ਕਿਉਂਕਿ ਉਹ ਪੜ੍ਹਿਆ ਲਿਖਿਆ ਵਿਦਵਾਨ ਸੀ। ਅਤੇ ਜਦੋਂ ਉਸਨੇ ਉੱਪਰ ਤੱਕਿਆ, ਅਤੇ ਉਸਨੇ ਇਹ ਵੇਖਿਆ, ਇੱਕ ਪ੍ਰਕਾਸ਼, ਅੱਗ ਦਾ ਇੱਕ ਥੰਮ੍ਹ ਵੇਖਿਆ ਜਿਸਨੇ ਆਪਣੇ ਲੋਕਾਂ ਦੀ ਉਜਾੜ ਵਿੱਚ ਅਗਵਾਈ ਕੀਤੀ ਸੀ, ਅਤੇ ਉਸਨੇ ਕਿਹਾ, "ਪ੍ਰਭੂ," ਈਲੋਹਿਮ, ਵੱਡਾ ਐਲ-ਓ-ਆਰ-…"ਪ੍ਰਭੂ, ਤੂੰ ਕੌਣ ਹੈਂ?"

74 ਅਤੇ ਇਸ ਧਰਮ ਸ਼ਾਸਤਰੀ ਲਈ ਕਿੰਨੀ ਹੈਰਾਨੀ ਦੀ ਗੱਲ ਹੋਵੇਗੀ, ਇਹ ਕਹਿਣ ਲਈ, "ਮੈਂ ਯਿਸੂ ਹਾਂ," ਉਹੀ ਜਿਸਦੇ ਉਹ ਬਹੁਤ ਵਿਰੁੱਧ ਸੀ। ਕਿਹੋ ਜਿਹਾ—ਇੱਕ ਕਿਹੋ ਜਿਹਾ ਮੋੜ ਸੀ! ਔਹ! ਔਹ! ਇਸ ਆਦਮੀ ਲਈ ਇਹ ਜ਼ਰੂਰ ਕੁਝ ਸ਼ਾਨਦਾਰ ਰਿਹਾ ਹੋਵੇਗਾ, ਕਿ ਉਸ ਦੀਆਂ ਸਾਰੀਆਂ ਇੱਛਾਵਾਂ ਜੋ ਉਸ ਕੋਲ ਸਨ, ਇਹ ਪਤਾ ਲੱਗਣਾ, ਅਚਾਨਕ, ਉਹ ਸਤਾਉਂਦਾ ਰਿਹਾ ਸੀ। ਉਸ ਦੀਆਂ ਅਭਿਲਾਸ਼ਾਵਾਂ ਨੇ ਉਸ ਨੂੰ ਉਸ ਮੁੱਖ ਕੰਮ ਤੋਂ—ਤੋਂ ਦੂਰ ਕਰ ਦਿੱਤਾ ਜੋ ਉਹ ਕਰਨਾ ਚਾਹੁੰਦਾ ਸੀ। ਅਤੇ ਇਸ ਰਸੂਲ ਨੂੰ ਇੱਕ—ਇੱਕ ਕਿੰਨਾ ਵੱਡਾ ਸਦਮਾ ਲੱਗਾ ਹੋਵੇਗਾ, ਜਦੋਂ ਉਸਨੇ ਕਿਹਾ, "ਮੈਂ ਯਿਸੂ ਹਾਂ," ਉਹੀ ਜਿਸਨੂੰ ਉਹ ਸਤਾਉਂਦਾ ਸੀ। "ਤੂੰ ਮੈਨੂੰ ਕਿਉਂ ਸਤਾਉਂਦਾ ਹੈਂ?"

75 ਇੱਕ ਹੋਰ ਛੋਟਾ ਜਿਹਾ ਹਵਾਲਾ ਅਸੀਂ ਇੱਥੇ ਦੇ ਸਕਦੇ ਹਾਂ। ਤੁਸੀਂ ਦੇਖੋ, ਜਿਵੇਂ ਉਹ ਕਲੀਸਿਯਾ ਦਾ ਮਜ਼ਾਕ ਉਡਾਉਂਦੇ ਹਨ, ਉਹ ਅਸਲ ਵਿੱਚ ਕਲੀਸਿਯਾ ਦਾ ਮਜ਼ਾਕ ਨਹੀਂ ਉਡਾ ਰਹੇ ਹਨ, ਉਹ ਯਿਸੂ ਦਾ ਮਜ਼ਾਕ ਉਡਾ ਰਹੇ

ਹਨ। "ਤੂੰ ਮੈਨੂੰ ਕਿਉਂ ਸਤਾਉਂਦਾ ਹੈਂ?" ਤਾਂ ਫਿਰ ਪੌਲੁਸ ਕਿਵੇਂ, ਆਪਣੀ ਸਾਰੀ ਬੁੱਧੀ ਨਾਲ, ਵਿਸ਼ਵਾਸ ਕਰਦਾ ਕਿ ਇਹ ਉਹ ਸੀ…ਕਿ ਇਹ ਸਮੂਹ ਜਿਸਨੂੰ ਉਹ ਸਤਾਉਂਦਾ ਸੀ ਇਹ ਤਾਂ ਉਹੀ ਪਰਮੇਸ਼ੁਰ ਸੀ ਜਿਸਦੀ ਸੇਵਾ ਕਰਨ ਦਾ ਉਹ ਦਾਅਵਾ ਕਰਦਾ ਸੀ? ਮੈਨੂੰ ਲਗਦਾ ਹੈ ਕਿ, ਵੇਰਵਿਆਂ ਵਿੱਚ ਜਾਣ ਤੋਂ ਬਗੈਰ, ਮੈਨੂੰ ਲਗਦਾ ਹੈ ਕਿ ਅਸੀਂ ਸਾਰੇ ਇਹ ਜਾਣਨ ਲਈ ਕਾਫ਼ੀ ਸਿਖਲਾਈ ਪ੍ਰਾਪਤ ਹਾਂ ਕਿ ਮੈਂ ਇੱਥੇ ਕੀ ਕਹਿਣਾ ਚਾਹੁੰਦਾ ਹਾਂ। ਅੱਜ ਵੀ ਇਹੀ ਚੀਜ ਹੋ ਰਹੀ ਹੈ।

76 ਪੌਲੁਸ, ਅਗਿਆਨਤਾ ਦੁਆਰਾ, ਪਰ ਫਿਰ ਵੀ ਬੁੱਧੀਮਾਨ ਅਤੇ ਚੁਸਤ ਸੀ, ਉਨ੍ਹਾਂ ਅਨਪੜ੍ਹ ਗਲੀਲੀਆਂ ਨਾਲੋਂ ਬਹੁਤ ਹੁਸ਼ਿਆਰ ਸੀ ਜਿਨ੍ਹਾਂ ਨੂੰ ਉਹ ਸਤਾਉਂਦਾ ਸੀ, ਜੋ ਪਹਿਲਾਂ ਹੀ ਆਪਣੀ ਨਿਮਰਤਾ ਵਿੱਚ ਇਸ ਆਦਮੀ ਨੂੰ ਪ੍ਰਭੂ ਸਵੀਕਾਰ ਕਰ ਚੁੱਕੇ ਸਨ। ਪਰ, ਪੌਲੁਸ, ਆਪਣੀ ਮਹਾਨ ਸਿੱਖਿਆ ਅਤੇ ਉਸਦੀ ਬੁੱਧੀ ਨਾਲ, ਇਸ ਨੂੰ ਸਵੀਕਾਰ ਨਹੀਂ ਕਰ ਸਕਦਾ ਸੀ। ਅਤੇ ਉਸ ਲਈ ਇਹ ਕਿਹੋ ਜਿਹਾ ਬਦਲਾਅ ਰਿਹਾ ਹੋਵੇਗਾ, ਇਸ ਸੜਕ ਉੱਤੇ। ਅਤੇ ਉਹ ਅੰਨ੍ਹਾ ਕਰ ਦਿੱਤਾ ਗਿਆ, ਤਾਂ ਜੋ ਉਹ ਆਪਣਾ ਆਦੇਸ਼ ਪੂਰਾ ਨਾ ਕਰ ਸਕੇ, ਪਰ ਉਸਨੂੰ ਇੱਕ ਗਲੀ ਜਿਸ ਨੂੰ ਸਿੱਧੀ ਕਿਹਾ ਜਾਂਦਾ ਸੀ ਵਿੱਚ ਇੱਕ ਜਗ੍ਹਾ ਵੱਲ ਲੈ ਜਾਇਆ ਗਿਆ, ਕਿਸੇ ਦੇ ਘਰ ਵਿੱਚ…

77 ਅਤੇ ਫਿਰ ਇੱਕ ਨਬੀ ਉੱਥੇ ਆਇਆ, ਜਿਸ ਦਾ ਨਾਮ ਹਨਾਨਿਯਾਹ ਸੀ, ਜਿਸ ਨੇ ਇੱਕ ਦਰਸ਼ਣ ਵਿੱਚ ਵੇਖਿਆ, ਉਸ ਨੂੰ ਹੇਠਾਂ ਆਉਂਦੇ ਹੋਏ, ਉਸਨੇ ਵੇਖਿਆ ਕਿ ਉਹ ਕਿੱਥੇ ਸੀ, ਉੱਥੇ ਗਿਆ ਜਿੱਥੇ ਉਹ ਸੀ, ਅਤੇ ਅੰਦਰ ਚਲਾ ਗਿਆ। ਅਤੇ ਕਿਹਾ, "ਭਾਈ ਸੌਲੁਸ, ਜਿਸ ਪ੍ਰਭੂ ਨੇ ਤੁਹਾਨੂੰ ਸੜਕ ਉੱਤੇ ਦਰਸ਼ਨ ਦਿੱਤੇ; ਉਸ ਨੇ ਮੈਨੂੰ ਭੇਜਿਆ ਹੈ, ਤਾਂ ਜੋ ਮੈਂ ਤੁਹਾਡੇ ਉੱਤੇ ਆਪਣੇ ਹੱਥ ਰੱਖਾਂ, ਅਤੇ ਤੁਸੀ ਸੁਜਾਖੇ ਹੋਵੋ ਅਤੇ ਪਵਿੱਤਰ ਆਤਮਾ ਨਾਲ ਭਰ ਜਾਵੋ।"

78 ਦੇਖੋ ਕਿ ਉਹ ਕਿੱਥੇ ਸੀ। ਕਿਹੋ ਜਿਹੀ—ਪੌਲੁਸ ਲਈ ਇਹ ਕਿਹੋ ਜਿਹੀ ਗੱਲ ਰਹੀ ਹੋਵੇਗੀ! ਸਮਝੇ? ਸਭ ਕੁਝ ਜੋ ਉਸ ਨੂੰ ਕਰਨ ਦੀ ਸਿਖਲਾਈ ਦਿੱਤੀ ਗਈ ਸੀ ਉਹ ਉਸਦੇ ਉਲਟ ਸੀ। ਇਸ ਲਈ ਹੁਣ, ਉਸ ਦੀ—ਦੀ ਸਾਰੀ ਸਿੱਖਿਆ ਜੋ ਉਸ ਕੋਲ ਸੀ, ਇਹ—ਇਹ ਉਸ ਲਈ ਬਸ ਵਿਅਰਥ ਬਣ ਗਈ ਸੀ।

79 ਹੁਣ, ਉਹ ਜਾਣਦਾ ਸੀ ਕਿ ਉਸ ਕੋਲ ਇੱਕ ਅਨੁਭਵ ਸੀ। ਇਸ ਲਈ ਇੱਥੇ ਸਾਡੇ ਲਈ ਇੱਕ ਹੋਰ ਵਧੀਆ ਸਬਕ ਹੈ, ਕਿ, ਸਿਰਫ਼ ਅਨੁਭਵ ਹੀ ਕਾਫ਼ੀ ਨਹੀਂ ਹੈ। ਇਹ ਅਨੁਭਵ ਪ੍ਰਭੂ ਦੇ ਵਚਨ ਅਨੁਸਾਰ ਹੋਣਾ ਚਾਹੀਦਾ ਹੈ। ਇਸ ਲਈ, ਜੱਦ ਉਸ ਨੇ ਇਹ ਵੇਖਿਆ, ਅਤੇ ਜਾਣਿਆ ਕਿ ਇਹ ਇੱਕ ਮਹਾਨ

ਚੀਜ਼ ਸੀ, ਫਿਰ, ਕਿਸੇ ਹੋਰ ਨੇ ਉਸਨੂੰ ਉਸਤੋਂ ਪਹਿਲਾਂ ਪ੍ਰਾਪਤ ਕੀਤਾ ਸੀ, ਉਸ ਨੇ ਅਰਬ ਦੇ—ਦੇ ਮਾਰੂਥਲ ਵਿੱਚ ਤਿੰਨ ਸਾਲ ਅਤੇ ਛੇ ਮਹੀਨੇ ਲਏ; ਬਾਈਬਲ ਨੂੰ—ਨੂੰ ਲੈ ਕੇ, ਜਿਵੇਂ ਇਹ ਉਦੋਂ ਸੀ, ਪੁਰਾਣਾ ਨੇਮ, ਅਤੇ ਉੱਥੇ ਗਿਆ, ਇਸ ਅਨੁਭਵ ਦੀ—ਦੀ ਤੁਲਨਾ ਕਰਨ ਲਈ ਜੋ ਉਸਨੂੰ ਮਿਲਿਆ ਸੀ, ਅਤੇ ਇਹ ਵੇਖਣ ਲਈ ਕਿ ਕੀ ਇਹ ਵਚਨ ਦੇ ਅਨੁਸਾਰ ਸੀ।

80 ਹੁਣ ਕੀ ਹੁੰਦਾ ਜੇ ਉਹ ਕਹਿੰਦਾ, “ਠੀਕ ਹੈ, ਮੇਰਾ ਅੰਦਾਜ਼ਾ ਹੈ ਕਿ ਇਹ ਇੱਕ ਛੋਟਾ ਜਿਹਾ ਝਟਕਾ ਸੀ,” ਅਤੇ ਅੱਗੇ ਵੱਧ ਜਾਂਦਾ? “ਮੈਂ—ਮੈਂ ਆਪਣੀ ਬੁੱਧੀ ਦੇ ਅਨੁਸਾਰ ਚਲਾਂਗਾ”?

81 ਹੁਣ, ਉਸਨੂੰ ਕਿਸੇ ਚੀਜ਼ ਦਾ ਕੈਦੀ ਬਣਨਾ ਪਿਆ, ਇੱਕ ਕੈਦੀ। ਇਸ ਲਈ ਇਸ ਦੀ ਤੁਲਨਾ ਕਰਨ ਤੋਂ ਬਾਅਦ, ਅਤੇ ਦੇਖਣ ਤੋਂ ਬਾਅਦ, ਕੋਈ ਹੈਰਾਨੀ ਨਹੀਂ ਕਿ ਉਹ ਇਬਰਾਨੀਆਂ ਦੀ ਕਿਤਾਬ ਨੂੰ ਲਿਖ ਸਕਦਾ ਸੀ, ਇੱਕ ਨਮੂਨੇ ਦੇ ਰੂਪ ਵਿੱਚ। ਸਮਝੇ? ਸਾਢੇ ਤਿੰਨ ਸਾਲ ਉੱਥੇ, ਵਚਨ ਵਿੱਚ ਪਿਆ ਰਿਹਾ, ਅਤੇ ਇਹ ਪਤਾ ਲਗਾਇਆ ਕਿ ਜਿਸ ਪਰਮੇਸ਼ੁਰ ਨੇ ਉਸਨੂੰ ਬੁਲਾਇਆ ਸੀ ਉਹੀ ਉਸਨੂੰ ਵਾਪਸ ਲੈ ਜਾ ਰਿਹਾ ਸੀ, ਅਤੇ ਉਸਦੀ ਸਾਰੀ ਬੁੱਧੀ ਨੂੰ ਬਦਲ ਰਿਹਾ ਸੀ, ਉਹ ਸਭ ਕੁਝ ਬਦਲ ਰਿਹਾ ਸੀ ਜੋ ਉਸਨੇ ਕਦੇ ਸੋਚਿਆ ਸੀ, ਉਹ ਸਭ ਜੋ ਉਸਨੂੰ ਸਿਖਾਇਆ ਗਿਆ ਸੀ। ਉਸ ਦੀਆਂ ਸਾਰੀਆਂ ਇੱਛਾ ਤੋਂ, ਬਸ ਇਸ ਨੂੰ ਉਸ ਤੋਂ ਦੂਰ ਕਰ ਦਿੱਤਾ, ਅਤੇ ਉਹ ਇੱਕ ਕੈਦੀ ਬਣ ਗਿਆ। ਪਰਮੇਸ਼ੁਰ ਦਾ ਪ੍ਰੇਮ ਇੰਨਾ ਜ਼ਬਰਦਸਤ ਸੀ, ਅਤੇ ਇੱਕ ਅਜਿਹਾ—ਇੱਕ ਅਜਿਹਾ ਪ੍ਰਕਾਸ਼ਨ, ਕਿ ਉਹ ਇਸ ਤੋਂ ਦੂਰ ਨਹੀਂ ਹੋ ਸਕਿਆ।

82 ਇਹ ਹਰ ਸੱਚੇ ਵਿਸ਼ਵਾਸੀ ਦਾ ਸੱਚਾ ਅਨੁਭਵ ਹੈ ਜੋ ਪਰਮੇਸ਼ੁਰ ਨਾਲ ਮੁਲਾਕਾਤ ਕਰਦਾ ਹੈ। ਤੁਸੀਂ—ਤੁਸੀਂ ਕਿਸੇ ਅਜਿਹੀ ਚੀਜ਼ ਦੇ ਸੰਪਰਕ ਵਿੱਚ ਆਉਂਦੇ ਹੋ ਜੋ ਬਹੁਤ ਮਹਾਨ ਹੈ, ਕਿ ਤੁਸੀਂ...ਕਿ—ਕਿ ਤੁਸੀਂ ਇੱਕ—ਇੱਕ ਕੈਦੀ ਬਣ ਜਾਂਦੇ ਹੋ, ਬਾਕੀ ਸਭ ਕੁਝ ਦੇ ਲਈ। ਸਮਝੇ? ਤੁਸੀਂ—ਤੁਸੀਂ ਹਰੇਕ ਚੀਜ਼ ਤੋਂ ਦੂਰ ਹੋ ਜਾਂਦੇ ਹੋ, ਆਪਣੇ ਆਪ ਨੂੰ ਇਸ ਵਿੱਚ ਕੈਦ ਕਰਨ ਲਈ।

83 ਇਹ ਇੱਕ ਵਾਰ ਪ੍ਰਗਟ ਕੀਤਾ ਗਿਆ ਹੈ ਜਿੱਥੇ ਯਿਸੂ ਨੇ ਕਿਹਾ ਸੀ, “ਸਵਰਗ ਦਾ ਰਾਜ ਅਜਿਹਾ ਹੈ ਜਿਵੇਂ ਇੱਕ ਆਦਮੀ ਮੋਤੀ ਮੁੱਲ ਲੈਂਦਾ ਹੈ। ਜਦੋਂ ਉਸ ਨੂੰ ਉਹ ਮਹਾਨ ਮੋਤੀ ਮਿਲ ਜਾਂਦਾ ਹੈ, ਤਾਂ ਉਹ ਉਸ ਨੂੰ ਪ੍ਰਾਪਤ ਕਰਨ ਲਈ ਜੋ ਕੁਝ ਵੀ ਉਸ ਕੋਲ ਹੈ, ਵੇਚ ਦਿੰਦਾ ਹੈ।”

84 ਅਤੇ ਇੱਥੇ ਵੀ ਇਸੇ ਤਰ੍ਹਾਂ ਹੈ। ਤੁਹਾਡੇ—ਤੁਹਾਡੇ ਕੋਲ ਇੱਕ ਬੌਧਿਕ ਧਾਰਨਾ ਹੈ, ਤੁਹਾਡੇ ਕੋਲ ਇੱਕ—ਇੱਕ—ਇੱਕ—ਇੱਕ ਧਾਰਮਿਕ ਅਨੁਭਵ ਹੈ; ਪਰ ਜਦੋਂ ਅਜਿਹਾ ਸਮਾਂ ਆਉਂਦਾ ਹੈ ਜਦੋਂ ਤੁਹਾਨੂੰ—ਤੁਹਾਨੂੰ—ਤੁਹਾਨੂੰ

ਸੱਚਮੁੱਚ ਅਸਲ ਚੀਜ਼ ਮਿਲਦੀ ਹੈ, ਤੁਸੀਂ—ਤੁਸੀਂ ਬੱਸ ਬਾਕੀ ਸਭ ਕੁਝ ਵੇਚ ਦਿੰਦੇ ਹੋ, ਅਤੇ ਤੁਸੀਂ ਆਪਣੇ ਆਪ ਨੂੰ ਇਸ ਵਿੱਚ ਬੰਦ ਕਰ ਦਿੰਦੇ ਹੋ।

85 ਪੌਲੁਸ ਨੂੰ ਪਤਾ ਸੀ ਕਿ ਇਹ ਕੀ ਸੀ। ਉਸਨੂੰ—ਉਸਨੂੰ ਪਤਾ ਲੱਗਾ ਕਿ ਉਸਨੂੰ ਕਿਸੇ ਚੀਜ਼ ਨਾਲ ਬਨ੍ਹ ਦਿੱਤਾ ਗਿਆ ਸੀ। ਜਿਵੇਂ ਅਸੀਂ ਇੱਕ—ਇੱਕ—ਇੱਕ ਘੋੜੇ ਨੂੰ ਇੱਕ ਕੜੇ ਵਿੱਚ ਬਨ੍ਹਦੇ ਹਾਂ, ਇਹ ਹੈ—ਇਹ ਕਿਸੇ ਚੀਜ਼ ਨੂੰ ਖਿੱਚਣ ਲਈ ਹੁੰਦਾ ਹੈ। ਅਤੇ ਪੌਲੁਸ ਜਾਣਦਾ ਸੀ, ਇਸ ਅਨੁਭਵ ਤੋਂ ਬਾਅਦ, ਅਤੇ ਸਾਢੇ ਤਿੰਨ ਸਾਲ ਉਸ ਦੇ—ਦੇ ਅਨੁਭਵ ਨੂੰ ਮਿਲਾਉਣ ਤੋਂ ਬਾਅਦ, ਬਾਈਬਲ ਦੇ ਨਾਲ, ਉਸਨੂੰ ਅਹਿਸਾਸ ਹੋਇਆ ਕਿ ਪਰਮੇਸ਼ੁਰ ਨੇ ਉਸਨੂੰ ਚੁਣਿਆ ਸੀ ਅਤੇ ਉਸਨੂੰ ਪਵਿੱਤਰ ਆਤਮਾ ਨਾਲ ਜੋਇਆ ਗਿਆ ਸੀ, ਉਹ ਅਨੁਭਵ ਜੋ ਉਸ ਕੋਲ ਸੀ, ਗੈਰ ਯਹੂਦੀ ਲੋਕਾਂ ਦੀ ਮੌਜੂਦਗੀ ਵਿੱਚ ਇੰਜੀਲ ਨੂੰ ਖਿੱਚਣ ਲਈ। ਆਤਮਾ ਨੇ, ਆਪ ਹੀ, ਉਸਨੂੰ ਵਰਤਿਆ।

86 ਅਤੇ, ਅੱਜ, ਮਸੀਹ ਦੇ ਸੇਵਕਾਂ ਦੇ ਰੂਪ ਵਿੱਚ, ਅਸੀਂ ਬਨ੍ਹ ਦਿੱਤੇ ਜਾਂਦੇ, ਜੋੜ ਦਿੱਤੇ ਜਾਂਦੇ ਹਾਂ। ਅਸੀਂ ਨਹੀਂ ਜਾ ਸਕਦੇ। ਅਸੀਂ ਇਸ ਦੇ ਨਾਲ ਜੁੜੇ ਹੋਏ ਹਾਂ, ਵਚਨ ਨਾਲ ਬੰਨ੍ਹੇ ਹੋਏ ਹਾਂ। ਕੋਈ ਫਰਕ ਨਹੀਂ ਪੈਂਦਾ ਕਿ ਕੋਈ ਕੀ ਕਹਿੰਦਾ ਹੈ, ਤੁਸੀਂ ਇਸ ਨਾਲ ਬੰਨ੍ਹੇ ਹੋਏ ਹੋ। ਇਸ ਬਾਰੇ ਕੁਝ ਅਜਿਹਾ ਹੈ, ਕਿ ਤੁਸੀਂ ਇਸ ਤੋਂ ਦੂਰ ਨਹੀਂ ਹੋ ਸਕਦੇ। ਤੁਹਾਨੂੰ ਇਸ ਨਾਲ ਜੋਇਆ ਗਿਆ ਹੈ, ਪਵਿੱਤਰ ਆਤਮਾ ਦੁਆਰਾ, ਤੁਹਾਨੂੰ ਵਚਨ ਨਾਲ ਜੋ ਦਿੱਤਾ ਹੈ। ਅਤੇ ਕੋਈ ਫ਼ਰਕ ਨਹੀਂ ਪੈਂਦਾ ਕਿ ਕੋਈ ਕੀ ਕਹਿੰਦਾ ਹੈ, ਇਹ ਵਚਨ ਹੈ, ਇਹ ਹਮੇਸ਼ਾ ਹੈ। ਇਸ ਨਾਲ ਬੰਨ੍ਹਿਆ ਗਿਆ, ਇਸ ਦੇ ਨਾਲ ਜੂਲਾ ਪਾ ਦਿੱਤਾ ਗਿਆ, ਵਚਨ ਨਾਲ, ਆਤਮਾ ਦੁਆਰਾ, ਉਹ ਬੰਨ੍ਹਿਆ ਗਿਆ ਸੀ।

87 ਉਸ ਨੇ ਅਰਬ ਦੇ—ਦੇ ਮਾਰੂਥਲ ਦੇ ਪਿਛਲੇ ਪਾਸੇ ਸਿੱਖਿਆ, ਜਦੋਂ, ਉਸ ਦੀਆਂ ਸਾਰੀਆਂ ਪੁਰਾਣੀਆਂ ਚੀਜ਼ਾਂ, ਅਤੇ ਅਨੁਭਵ, ਅਤੇ ਅਭਿਲਾਸ਼ਾ, ਜੋ, ਉਸ ਤੋਂ ਉਹ ਚੀਜ਼ਾਂ ਖੋਹ ਲਈਆਂ ਗਈਆਂ ਸਨ।

88 ਹੁਣ, ਇਹ ਉਹ ਥਾਂ ਹੈ ਜਿੱਥੇ ਸਾਨੂੰ ਪਤਾ ਲੱਗਦਾ ਹੈ, ਅੱਜ, ਕਿ ਸਾਥੋਂ ਖੋਹ ਲਿਆ ਜਾਣਾ ਚਾਹੀਦਾ ਹੈ, ਪਹਿਲਾਂ। ਅਤੇ ਲੋਕ ਨਹੀਂ ਚਾਹੁੰਦੇ ਜੋ ਉਨ੍ਹਾਂ ਤੋਂ ਖੋਹਿਆ ਜਾਵੇ। ਮੈਥੋਡਿਸਟ ਭਾਈ ਆਪਣੀ ਮੈਥੋਡਿਸਟ ਸਿੱਖਿਆ ਨੂੰ ਥੋੜਾ ਜਿਹਾ ਫੜ ਕੇ ਰੱਖਣ ਚਾਹੁੰਦਾ ਹੈ। ਊਂ-ਹੂੰ। ਬੈਪਟਿਸਟ ਭਾਈ ਆਪਣੀ ਬੈਪਟਿਸਟ ਸਿੱਖਿਆ ਨੂੰ ਥੋੜਾ ਜਿਹਾ ਫੜ ਕੇ ਰੱਖਣਾ ਚਾਹੁੰਦਾ ਹੈ। ਸਮਝੇ? ਪਰ ਤੁਹਾਨੂੰ ਬਿਲਕੁਲ ਹਰ ਚੀਜ਼ ਤੋਂ ਛੁਟਕਾਰਾ ਪਾਉਣਾ ਪਏਗਾ, ਅਤੇ ਦੁਬਾਰਾ ਜਨਮ ਲੈਣਾ ਚਾਹੀਦਾ ਹੈ, ਨਵੇਂ ਸਿਰੇ ਤੋਂ। ਅਤੇ ਉਸ ਜਗ੍ਹਾ ਤੋਂ, ਪਵਿੱਤਰ ਆਤਮਾ ਨੂੰ ਅਗਵਾਈ ਕਰਨ ਦਿਓ। ਤੁਸੀਂ ਇਹ ਨਹੀਂ ਕਹਿ ਸਕਦੇ, "ਠੀਕ

ਹੈ, ਹੁਣ, ਮੇਰੇ—ਮੇਰੇ ਪਿਤਾ ਨੇ ਕਿਹਾ, ਜਦੋਂ ਉਹ ਅੰਦਰ ਆਇਆ, ਗਿਰਜੇ ਵਿੱਚ ਗਿਆ, ਉਸਨੇ ਪਾਦਰੀ ਨਾਲ ਹੱਥ ਮਿਲਾਇਆ। ਉਹ, ਉਹ ਇੱਕ ਚੰਗਾ ਵਫ਼ਾਦਾਰ ਮੈਂਬਰ ਹੈ।" ਇਹ ਉਸਦੀ ਨਸਲ ਲਈ ਠੀਕ ਹੋ ਸਕਦਾ ਹੈ, ਪਰ ਅਸੀਂ ਕੋਈ ਹੋਰ ਨਸਲ ਹਾਂ। ਸਮਝੇ? ਹੁਣ ਸਾਨੂੰ ਇਸ ਦਿਨ ਲਈ ਬਾਈਬਲ ਦੇ ਸਮੇਂ ਤੇ ਵਾਪਸ ਆਉਣਾ ਚਾਹੀਦਾ ਹੈ।

89 ਜਾਜਕਾਂ ਨੂੰ ਵੀ ਬੰਨ੍ਹਿਆ ਗਿਆ ਸੀ, ਉਨ੍ਹਾਂ ਨੂੰ ਵੀ। ਪਰ, ਤੁਸੀਂ ਦੇਖਦੇ ਹੋ, ਉਹ ਇੱਕ ਹੋਰ ਵਿਵਸਥਾ ਵਿੱਚ ਆ ਗਏ ਸਨ, ਅਤੇ ਉਹ—ਉਹ ਆਪਣੇ ਪੁਰਾਣੇ ਜੂਲੇ ਨੂੰ ਉਤਾਰਨ ਅਤੇ ਇੱਕ ਨਵਾਂ ਜੂਲਾ ਪਾਉਣ ਵਿੱਚ ਅਸਫਲ ਰਹਿੰਦੇ ਹਨ।

90 ਅਤੇ ਅਸੀਂ ਅੱਜ ਵੀ ਉਹੀ ਚੀਜ਼ ਵੇਖਦੇ ਹਾਂ। ਅਸੀਂ ਇੱਕ ਨਾਮਧਾਰੀ ਯੁੱਗ ਵਿੱਚੋਂ ਆਏ ਹਾਂ, ਜਿਵੇਂ ਅਸੀਂ ਕਲੀਸਿਯਾ ਦੇ ਯੁੱਗਾਂ, ਬਾਈਬਲ, ਅਤੇ ਹੋਰਾਂ ਦੁਆਰਾ ਸਾਬਤ ਕੀਤਾ ਹੈ, ਪਰ ਅਸੀਂ ਹੁਣ ਇੱਕ ਆਜ਼ਾਦ ਯੁੱਗ ਵਿੱਚ ਆ ਗਏ ਹਾਂ, ਜਿੱਥੇ ਪਵਿੱਤਰ ਆਤਮਾ ਖੁਦ ਹੇਠਾਂ ਆਉਂਦਾ ਹੈ ਅਤੇ ਆਪਣੇ ਆਪ ਨੂੰ ਸਾਬਤ ਕਰਦਾ ਹੈ, ਅਤੇ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ, ਹਰ ਵਾਅਦਾ ਪੂਰਾ ਕਰਦਾ ਹੈ ਜਿਸਦਾ ਉਸਨੇ ਵਾਅਦਾ ਕੀਤਾ ਸੀ, ਪੂਰਾ ਹੁੰਦਾ ਹੈ। ਔਹ, ਮੇਰੇ! ਕਿੰਨਾ ਵਧੀਆ ਸਮਾਂ ਹੈ!

91 ਅਤੇ ਉਹ ਜਾਣਦਾ ਸੀ ਕਿ, ਇਕ ਹੋਰ ਚੀਜ਼, ਉਹ ਜਾਣਦਾ ਸੀ ਕਿ ਉਹ ਜਗ੍ਹਾ ਜਗ੍ਹਾ ਨਹੀਂ ਜਾ ਸਕਦਾ ਸੀ, ਕਿ, ਇਸ ਨਾਲ ਜੁੜਿਆ ਹੋਣ ਕਰਕੇ, ਕਿ ਉਹ ਨਹੀਂ...ਜੋ ਉਸਨੇ ਕੀਤਾ, ਪਰ ਫਿਰ ਵੀ ਉਹ ਜਾਣਾ ਚਾਹੁੰਦਾ ਸੀ। ਉਹ ਜਾਣਦਾ ਸੀ ਕਿ ਉਸਦੀ ਅਭਿਲਾਸ਼ਾ ਨੇ ਉਸਨੂੰ ਉਹਨਾਂ ਭਰਾਵਾਂ ਵਿੱਚ ਖਿੱਚਿਆ ਜਿੱਥੇ ਉਸਨੂੰ ਆਉਣ ਦਾ ਸੱਦਾ ਦਿੱਤਾ ਗਿਆ ਸੀ, ਅਤੇ ਫਿਰ ਵੀ ਉਹ ਕੁਝ ਹੋਰ ਕਰਨ ਲਈ ਆਤਮਾ ਵਿੱਚ ਦਬਾਇਆ ਗਿਆ ਸੀ। ਉਹ ਆਪਣੇ ਆਪ ਦਾ ਨਹੀਂ ਸੀ।

92 ਸ਼ਾਇਦ ਕੋਈ ਕਹਿੰਦਾ ਹੋਵੇ, "ਭਾਈ ਸਾਊਲ, ਭਾਈ ਪੌਲੁਸ, ਅਸੀਂ ਚਾਹੁੰਦੇ ਹਾਂ ਕਿ ਤੁਸੀਂ ਇੱਥੇ ਆਓ, ਕਿਉਂਕਿ ਸਾਡੇ ਕੋਲ ਸਭ ਤੋਂ ਵੱਡਾ ਗਿਰਜਾ ਹੈ। ਸਾਡੇ ਕੋਲ ਸਭ ਤੋਂ ਵੱਡੀ ਮੰਡਲੀ ਹੈ। ਤੁਹਾਡਾ ਚੰਦਾ ਬਹੁਤ ਵਧੀਆ ਹੋਵੇਗਾ, ਅਤੇ ਇਸ ਤਰ੍ਹਾਂ।"

93 ਪਰ ਆਤਮਾ ਵਿੱਚ ਦਬਾਏ ਜਾਣ ਤੇ, ਉਸ ਨੇ ਸੋਚਿਆ, "ਮੇਰਾ ਇੱਕ ਭਰਾ ਉੱਥੇ ਹੈ। ਮੈਂ ਉੱਥੇ ਜਾ ਕੇ ਇਸ ਭਰਾ ਨੂੰ ਬਚਾਉਣਾ ਚਾਹੁੰਦਾ ਹਾਂ, ਉਸਨੂੰ ਪ੍ਰਭੂ ਕੋਲ ਲੈ ਜਾਣਾ ਚਾਹੁੰਦਾ ਹਾਂ।" ਪਰ, ਫਿਰ ਵੀ, ਆਤਮਾ ਨੇ ਉਸਨੂੰ ਕਿਤੇ ਹੋਰ ਜਾਣ ਲਈ ਦਬਾਇਆ। ਉਹ ਕੈਦੀ ਸੀ। ਸਹੀ ਢੰਗ ਨਾਲ।

94 ਹੇ ਪਰਮੇਸ਼ੁਰ, ਸਾਨੂੰ ਵੀ ਉਸੇ ਤਰ੍ਹਾਂ ਕੈਦੀ ਬਣਾ ਲੈ, ਸਾਡੀ ਆਪਣੀ ਸੁਆਰਥੀ ਅਭਿਲਾਸ਼ਾ ਤੋਂ, ਅਤੇ ਸਾਡੇ ਆਪਣੇ ਨਿਰਣੇ ਅਤੇ ਸੋਚਣ ਦੇ ਸਾਡੇ ਬਿਹਤਰ ਤਰੀਕੇ ਤੋਂ, ਯਿਸੂ ਮਸੀਹ ਦੇ ਕੈਦੀ ਹੋਣ ਲਈ। ਮੈਨੂੰ ਲੱਗਦਾ ਹੈ ਕਿ ਇਹ ਇੱਕ ਮਹਾਨ ਬਿਆਨ ਸੀ, "ਮੈਂ ਯਿਸੂ ਮਸੀਹ ਦਾ ਇੱਕ ਕੈਦੀ ਹਾਂ।"

95 ਅਤੇ ਯਾਦ ਰੱਖੋ, ਉਹ ਵਚਨ ਹੈ। ਦੇਖੋ? ਕੋਈ ਫਰਕ ਨਹੀਂ ਪੈਂਦਾ ਕਿ ਕੋਈ ਹੋਰ ਕੀ ਸੋਚਦਾ ਹੈ, ਇਹ ਵਚਨ ਹੈ। ਸਮਝੇ? ਜੇ ਤੁਸੀਂ ਵਚਨ ਦੇ ਕੈਦੀ ਹੋ, ਤਾਂ ਕੋਈ ਵੀ ਨਾਮਧਾਰੀ ਗਿਰਜਾ ਤੁਹਾਨੂੰ ਇਸ ਤੋਂ ਦੂਰ ਨਹੀਂ ਕਰ ਸਕਦਾ। ਇਹ ਹੈ—ਇਹ ਵਚਨ ਹੈ। ਤੁਸੀਂ ਬੱਸ...ਤੁਸੀਂ ਇਸ ਦੇ ਕੈਦੀ ਹੋ, ਬੱਸ ਇਹੀ ਹੈ। ਤੁਹਾਨੂੰ ਉਸੇ ਤਰ੍ਹਾਂ ਕੰਮ ਕਰਨਾ ਚਾਹੀਦਾ ਹੈ ਜਿਵੇਂ ਇਹ ਕੰਮ ਕਰਦਾ ਹੈ।

96 ਹੁਣ, ਉਹ ਕੁਝ ਥਾਵਾਂ ਤੇ ਨਹੀਂ ਜਾ ਸਕਦਾ ਸੀ ਜੋ ਉਹ ਚਾਹੁੰਦਾ ਸੀ, ਕਿਉਂਕਿ (ਕਿਉਂ?) ਆਤਮਾ ਨੇ ਉਸਨੂੰ ਮਨ੍ਹਾ ਕੀਤਾ ਸੀ। ਤੁਹਾਨੂੰ ਯਾਦ ਹੈ, ਕਈ ਵਾਰ, ਪੌਲੁਸ ਕਿਸੇ ਜਗ੍ਹਾ ਜਾਣ ਦੀ ਕੋਸ਼ਿਸ਼ ਕਰਦਾ ਰਿਹਾ ਸੀ, ਇਹ ਸੋਚਦਾ ਹੋਇਆ, "ਇੱਥੇ ਮੈਂ ਇੱਕ ਮਹਾਨ ਸਭਾ ਕਰ ਸਕਦਾ ਹਾਂ," ਪਰ ਆਤਮਾ ਉਸਨੂੰ ਮਨ੍ਹਾ ਕਰ ਦਿੰਦੀ ਸੀ। ਹੁਣ, ਕੀ ਇਹ ਸਪੱਸ਼ਟ ਤੌਰ ਤੇ ਦੱਸਦਾ ਹੈ ਅਤੇ ਸਾਬਤ ਕਰਦਾ ਹੈ ਕਿ ਪੌਲੁਸ ਇੱਕ ਕੈਦੀ ਸੀ? ਯਿਸੂ ਮਸੀਹ ਲਈ ਇੱਕ ਕੈਦੀ, ਆਤਮਾ ਦੁਆਰਾ, ਉਸਦੇ ਵਚਨ ਨਾਲ ਬੰਨ੍ਹਿਆ ਹੋਇਆ! ਔਹ! ਮੈਨੂੰ ਇਹ ਪਸੰਦ ਹੈ। ਊਂ-ਹੂੰ।

97 ਉਹ ਬੰਨ੍ਹਿਆ ਹੋਇਆ ਸੀ। ਉਹ ਇੱਕ ਜ਼ੰਜੀਰ ਦੁਆਰਾ, ਅਤੇ ਪ੍ਰੇਮ ਦੀਆਂ ਬੇੜੀਆਂ ਦੁਆਰਾ ਬੰਨ੍ਹਿਆ ਹੋਇਆ ਸੀ, ਪਰਮੇਸ਼ੁਰ ਦੀ ਇੱਛਾ ਨੂੰ ਪੂਰਾ ਕਰਨ ਲਈ, ਅਤੇ ਕੇਵਲ ਇਸ ਲਈ। ਉਹ ਇੱਕ ਕੈਦੀ ਸੀ। ਉਹ ਪ੍ਰੇਮ ਦੀਆਂ ਬੇੜੀਆਂ ਵਿੱਚ ਜਕੜਿਆ ਹੋਇਆ ਸੀ। ਉਹ ਮਸੀਹ ਦੇ ਨਾਲ ਜੂਲੇ ਵਿੱਚ ਸੀ। ਉਹ ਕਿਸੇ ਹੋਰ ਚੀਜ਼ ਨਾਲ ਜੁੜ ਨਹੀਂ ਸਕਦਾ ਸੀ। ਉਹ ਉਸ ਨਾਲ ਜੁੜਿਆ ਹੋਇਆ ਸੀ। ਅਤੇ ਜਿਸ ਪਾਸੇ ਅਗਵਾਈ ਕੀਤੀ ਜਾਂਦੀ ਸੀ, ਉੱਥੇ ਹੀ ਉਸਨੂੰ ਜਾਣਾ ਪੈਂਦਾ ਸੀ। ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਜੂਹ ਕਿੰਨੀ ਹਰੀ ਸੀ, *ਇਸ* ਪਾਸੇ ਜਾਂ *ਉਸ* ਪਾਸੇ, ਉਸ ਨੂੰ ਉਸ ਪਾਸੇ ਜਾਣਾ ਪੈਂਦਾ ਸੀ ਜਿੱਧਰ ਅਗੁਆ ਅਤੇ ਜੂਲਾ ਜਾਂਦਾ ਸੀ।

98 ਔਹ, ਅੱਜ ਰਾਤ, ਜੇ ਅਸੀਂ, ਬ੍ਰਨਹਾਮ ਟੈਬਰਨੇਕਲ ਵਜੋਂ, ਸਿਰਫ ਕੈਦੀ ਬਣ ਸਕਦੇ; ਸਾਡੇ ਆਪਣੇ ਸੁਆਰਥਪੁਣੇ ਤੋਂ, ਸਾਡੀਆਂ ਆਪਣੀਆਂ ਅਭਿਲਾਸ਼ਾਵਾਂ ਲਈ, ਕਿ ਅਸੀਂ ਆਪਣੇ ਆਪ ਨੂੰ ਪੂਰੀ ਤਰ੍ਹਾਂ ਸਮਰਪਣ ਕਰ ਸਕਦੇ ਅਤੇ ਉਸ ਨਾਲ ਜੁੜ ਸਕਦੇ। ਕੋਈ ਫਰਕ ਨਹੀਂ ਪੈਂਦਾ ਕਿ ਬਾਕੀ ਦੁਨੀਆਂ ਕੀ ਸੋਚਦੀ ਹੈ, ਬਾਕੀ ਦੁਨੀਆਂ ਕੀ ਕਰਦੀ ਹੈ, ਅਸੀਂ ਪ੍ਰੇਮ ਦੀਆਂ

ਬੇੜੀਆਂ ਵਿੱਚ ਜੋਏ ਹੋਏ ਹਾਂ, ਅਸੀਂ ਕੈਦੀ ਹਾਂ। "ਮੇਰੇ ਪੈਰ ਮਸੀਹ ਨਾਲ ਇੰਨੇ ਬਨ੍ਹੇ ਹੋਏ ਹਨ, ਇਹ ਨੱਚਣਗੇ ਨਹੀਂ। ਮੇਰੀਆਂ ਅੱਖਾਂ ਮਸੀਹ ਨਾਲ ਇੰਨੀਆਂ ਜੁੜੀਆਂ ਹੋਈਆਂ ਹਨ, ਇੱਥੋਂ ਤੱਕ ਕਿ ਮੈਂ, ਜਦੋਂ ਮੈਂ ਇਹਨਾਂ ਆਧੁਨਿਕ ਨੰਗੇ ਨਾਚਾਂ ਨੂੰ ਸੜਕ ਤੇ ਦੇਖਦਾ ਹਾਂ, ਇਹ ਮੇਰਾ ਸਿਰ ਘੁੰਮਾ ਦਿੰਦਾ ਹੈ। ਮੇਰਾ—ਮੇਰਾ ਦਿਲ ਉਸ ਦੇ ਪਿਆਰ ਵਿੱਚ ਇੰਨਾ ਜੁੜਿਆ ਹੋਇਆ ਹੈ, ਇੱਥੋਂ ਤੱਕ ਮਰੇ ਕੋਲ ਇਸ ਸੰਸਾਰ ਲਈ ਪਿਆਰ ਨਹੀਂ ਹੋ ਸਕਦਾ, ਇਸ ਤੋਂ ਬਾਅਦ। ਮੇਰੀ ਇੱਛਾ ਉਸ ਨਾਲ ਇੰਨੀ ਜੁੜੀ ਹੋਈ ਹੈ, ਇੱਥੋਂ ਤੱਕ ਮੈਨੂੰ ਇਹ ਵੀ ਨਹੀਂ ਪਤਾ ਕਿ ਮੇਰੀਆਂ ਇੱਛਾਵਾਂ ਕੀ ਹਨ। ਬੱਸ, 'ਜਿੱਥੇ ਵੀ ਤੁਸੀਂ ਅਗਵਾਈ ਕਰਦੇ ਹੋ, ਮੈਂ ਆਵਾਂਗਾ, ਪ੍ਰਭੂ। ਮੈਂ ਕੈਦੀ ਹੋਵਾਂਗਾ।" ਸਮਝੇ?

99 ਪੌਲੁਸ ਸਹੀ ਢੰਗ ਨਾਲ ਇੱਕ ਕੈਦੀ ਸੀ। ਉਹ ਕੋਈ ਗਲਤ ਬਿਆਨ ਨਹੀਂ ਦੇ ਰਿਹਾ ਸੀ। ਉਸਨੂੰ ਪਵਿੱਤਰ ਆਤਮਾ ਦੁਆਰਾ ਸਿਖਲਾਈ ਦਿੱਤੀ ਗਈ ਸੀ, ਦੁਬਾਰਾ, ਵਚਨ ਦੀ ਉਡੀਕ ਕਰਨ ਲਈ। ਹੁਣ, ਉਸਨੂੰ ਇੱਕ ਤਰੀਕੇ ਨਾਲ ਸਿਖਲਾਈ ਦਿੱਤੀ ਗਈ ਸੀ, ਪਰ—ਪਰ ਪਰਮੇਸ਼ੁਰ ਨੇ ਉਸਨੂੰ ਹੁਣ ਦੂਜੇ ਤਰੀਕੇ ਨਾਲ ਸਿਖਲਾਈ ਦਿੱਤੀ ਸੀ। ਉਸ ਨੂੰ ਪ੍ਰਭੂ ਦੀ ਉਡੀਕ ਕਰਨ ਲਈ ਪਵਿੱਤਰ ਆਤਮਾ ਦੁਆਰਾ ਸਿਖਲਾਈ ਦਿੱਤੀ ਗਈ ਸੀ, ਭਾਵੇਂ ਉਸ ਦੀਆਂ ਇੱਛਾਵਾਂ ਕੁਝ ਵੀ ਹੋਣ।

100 ਹੁਣ ਮੈਂ, ਪਵਿੱਤਰ ਆਤਮਾ ਦੀ ਮਦਦ ਦੁਆਰਾ, ਤੁਹਾਨੂੰ ਕੁਝ ਦਿਖਾਉਣ ਜਾ ਰਿਹਾ ਹਾਂ। ਸਮਝੇ? ਹੁਣ ਇੱਕ ਉਦਾਹਰਣ ਲਈ।

101 ਇੱਕ ਦਿਨ, ਪੌਲੁਸ ਅਤੇ ਸੀਲਾਸ, ਇੱਕ ਸ਼ਹਿਰ ਦੀ ਗਲੀ ਵਿੱਚ ਆ ਰਹੇ ਸਨ ਜਿੱਥੇ ਉਹ ਇੱਕ ਬੇਦਾਰੀ ਕਰ ਰਹੇ ਸਨ। ਅਤੇ ਇੱਕ ਨਿੱਕੀ ਜਿਹੀ, ਭੂਤ-ਚਿੰਬੜੀ ਕੁੜੀ ਉਸ ਦੇ ਪਿੱਛੇ ਆਉਂਦੀ ਰਹੀ, ਉਸਦੇ ਪਿੱਛੇ ਪੁਕਾਰਦੀ ਰਹੀ। ਅਤੇ ਇਸ ਵਿੱਚ ਕੋਈ ਸ਼ੱਕ ਨਹੀਂ ਪਰ ਪੌਲੁਸ ਜਾਣਦਾ ਸੀ ਕਿ ਉਸ ਕੋਲ ਅਧਿਕਾਰ ਸੀ, ਰਸੂਲ ਹੋਣ ਕਰਕੇ, ਉਸ ਔਰਤ ਵਿੱਚੋਂ ਉਸ ਦੁਸ਼ਟ ਆਤਮਾ ਨੂੰ ਝਿੜਕਣ ਲਈ। ਪਰ ਕੀ ਤੁਸੀਂ ਧਿਆਨ ਦਿੱਤਾ? ਉਸ ਨੇ ਉਡੀਕ ਕੀਤੀ, ਦਿਨ ਦੇ ਬਾਅਦ ਦਿਨ, ਜਦੋਂ ਤਕ, ਅਚਾਨਕ, ਪਵਿੱਤਰ ਆਤਮਾ ਨੇ ਉਸ ਨਾਲ ਗੱਲ ਕੀਤੀ, ਕਿਹਾ, "ਇਹੀ ਉਹ ਸਮਾਂ ਹੈ।"

102 ਤਦ ਉਸ ਨੇ ਕਿਹਾ, "ਹੇ ਆਤਮਾ, ਉਸ ਵਿੱਚੋਂ ਬਾਹਰ ਨਿੱਕਲ ਆ।" ਵੇਖਿਆ? ਉਹ ਪ੍ਰਭੂ ਦੀ ਉਡੀਕ ਕਰਨੀ ਜਾਣਦਾ ਸੀ।

103 ਅਤੇ ਇਹੀ ਉਹ ਥਾਂ ਹੈ ਜਿੱਥੇ ਅੱਜ ਬਹੁਤ ਸਾਰੇ ਲੋਕ ਵਚਨ ਨੂੰ ਬਦਨਾਮ ਕਰਦੇ ਹਨ। ਉਹ ਇੱਕ ਅਭਿਲਾਸ਼ਾ ਨਾਲ ਬਾਹਰ ਜਾਂਦੇ ਹਨ। ਇਸ ਤਰ੍ਹਾਂ ਦੀ ਚੀਜ਼ ਕਰਕੇ ਕਿੰਨੀਆਂ ਬੇਦਾਰੀਆਂ ਫਿੱਕਿਆਂ ਪੈ ਗਈਆਂ ਹਨ, ਕਿਉਂਕਿ

ਪ੍ਰਚਾਰਕ ਇਹ ਦੇਖਣ ਲਈ ਇੰਤਜ਼ਾਰ ਨਹੀਂ ਕਰਦਾ ਕਿ ਪ੍ਰਭੂ ਕੀ ਕਹਿਣ ਵਾਲਾ ਹੈ! ਉਨ੍ਹਾਂ ਵਿੱਚੋਂ ਕੁਝ ਕਹਿੰਦੇ ਹਨ, "ਇਧਰ ਆਓ," ਅਤੇ ਉਹ—ਉਹ ਹੁਣੇ ਚਲੇ ਜਾਣਗੇ ਕਿਉਂਕਿ ਸੰਸਥਾ ਨੇ ਕਿਹਾ, "ਜਾਓ।" ਅਤੇ ਪਵਿੱਤਰ ਆਤਮਾ ਕੁਝ ਅਲੱਗ ਕਹੇਗਾ। ਫਿਰ ਵੀ, ਆਦਮੀ ਦੀ ਰਾਜ ਪ੍ਰਧਾਨ ਬਣਨ ਦੀ ਅਭਿਲਾਸ਼ਾ, ਜਾਂ—ਜਾਂ ਕੁਝ ਹੋਰ, ਜਾਂ ਕੋਈ ਬਜ਼ੁਰਗ, ਜਾਂ ਕੋਈ ਬਿਸ਼ਪ, ਜਾਂ ਕੋਈ—ਕੋਈ ਉਸਨੂੰ ਖਿੱਚੇਗਾ, "ਤੁਹਾਨੂੰ ਜਾਣਾ ਚਾਹੀਦਾ ਹੈ।" ਅਤੇ, ਫਿਰ ਵੀ, ਉਹ ਬਿਹਤਰ ਜਾਣਦਾ ਹੈ। ਪਵਿੱਤਰ ਆਤਮਾ ਕਹਿੰਦਾ ਹੈ, "*ਇੱਥੇ* ਜਾਓ।" ਸਮਝੇ? ਉਹ ਆਪਣੀ ਸੰਸਥਾ ਦੇ ਜੂਲੇ ਵਿੱਚ ਹੈ। ਉਹ ਜਥੇਬੰਦੀ ਦਾ ਕੈਦੀ ਹੈ।

104 ਪਰ ਜੇ ਉਹ ਮਸੀਹ ਦੇ ਜੂਲੇ ਵਿੱਚ ਹੈ, ਤਾਂ ਉਸਦੀ ਪਵਿੱਤਰ ਆਤਮਾ ਦੁਆਰਾ ਅਗਵਾਈ ਕੀਤੀ ਜਾਂਦੀ ਹੈ। ਉਹ...?...ਸਮਝੇ? ਉਹ, ਉਹ ਜੂਲੇ ਵਿੱਚ ਹੈ, ਇੱਕ ਕੈਦੀ ਹੈ। ਕੋਈ ਫਰਕ ਨਹੀਂ ਪਵੇਗਾ ਕਿ ਕੋਈ ਹੋਰ ਕੀ ਕਹਿੰਦਾ ਹੈ; ਇਹ—ਇਹ—ਇਹ—ਇਹ ਇੱਕ—ਇੱਕ ਠਣ ਠਣ ਕਰਨ ਵਾਲਾ ਪਿੱਤਲ ਅਥਵਾ ਛਣ ਛਣ ਕਰਨ ਵਾਲਾ ਛੈਣਾ ਹੈ। ਉਹ ਕੇਵਲ ਪਰਮੇਸ਼ੁਰ ਦੀ ਆਵਾਜ਼ ਸੁਣਦਾ ਹੈ, ਅਤੇ ਉਹ ਉਦੋਂ ਹੀ ਬੋਲਦਾ ਹੈ ਜਦੋਂ ਇਹ ਬਾਹਰ ਆਉਂਦੀ ਹੈ। ਉਹ ਕੁਝ ਨਹੀਂ ਕਹਿੰਦਾ।

105 ਕੋਈ ਕਹਿੰਦਾ ਹੈ, "ਔਹ, ਔਹ, ਭਾਈ ਜੋਨਸ!" ਜਾਂ, ਉੱਥੇ, ਭਾਈ ਰੌਬਰਟਸ, ਜਾਂ ਕੁਝ, ਅੱਜ ਸਾਡੀ ਧਰਤੀ ਵਿੱਚ ਇਹ ਮਹਾਨ ਆਦਮੀ, ਜਿਵੇਂ ਟੌਮੀ ਹਿਕਸ, ਜਾਂ—ਜਾਂ—ਜਾਂ ਓਰਲ ਰੌਬਰਟਸ, ਜਾਂ—ਜਾਂ ਭਾਈ ਟੌਮੀ ਓਸਬੋਰਨ, ਉਨ੍ਹਾਂ ਮਹਾਨ ਪ੍ਰਚਾਰਕਾਂ ਵਿੱਚੋਂ ਕੁਝ। ਜੇ ਕੋਈ ਕਹੇ, "ਕਹੋ, ਇੱਥੇ ਆਉ, ਟੌਮੀ। ਤੁਸੀਂ ਪਰਮੇਸ਼ੁਰ ਦੇ ਮਹਾਨ ਪੁਰਖ ਹੋ।" (ਜਾਂ ਓਰਲ।) "ਅਤੇ ਮੇਰਾ—ਮੇਰਾ ਇੱਕ ਚਾਚਾ ਹੈ ਜੋ ਇੱਥੇ ਪਿਆ ਹੋਇਆ ਹੈ, ਉਹ—ਉਹ ਸਾਰਾ ਜਕੜਿਆ ਹੋਇਆ ਹੈ। ਅਤੇ ਉਹ ਹੈ—ਉਹ ਬਿਮਾਰ ਹੈ। ਮੈਂ ਚਾਹੁੰਦਾ ਹਾਂ ਕਿ ਤੁਸੀਂ ਆਓ। ਮੈਨੂੰ ਵਿਸ਼ਵਾਸ ਹੈ ਕਿ ਤੁਹਾਡੇ ਕੋਲ ਉਸਨੂੰ ਠੀਕ ਕਰਨ ਦੀ ਤਾਕਤ ਹੈ।" ਸਮਝੇ?

ਅਤੇ ਹੋ ਸਕਦਾ ਹੈ ਕਿ ਪਵਿੱਤਰ ਆਤਮਾ ਉਸਨੂੰ ਕਹੇ, "ਹੁਣ ਨਹੀਂ।"

106 ਪਰ, ਫਿਰ ਵੀ, ਉਸ ਆਦਮੀ ਦੀ ਦੋਸਤੀ ਲਈ, ਉਸ ਦਾ ਫਰਜ਼ ਹੈ ਕਿ ਉਹ ਉਸ ਨਾਲ ਜਾਵੇ। ਜੇ ਉਹ ਅਜਿਹਾ ਨਹੀਂ ਕਰਦਾ, ਤਾਂ ਉਹ ਉਸ ਆਦਮੀ ਦਾ ਦੁਸ਼ਮਣ ਬਣ ਜਾਂਦਾ ਹੈ। ਉਹ ਆਦਮੀ ਕਹਿੰਦਾ ਹੈ, "ਅੱਛਾ, ਉਹ ਫਲਾਣੇ-ਫਲਾਣੇ ਕੋਲ ਗਿਆ ਸੀ, ਉਸ ਬੱਚੇ ਨੂੰ ਜਾਂ ਉਸ ਲੜਕੇ ਨੂੰ ਚੰਗਾ ਕਰਨ ਲਈ। ਮੈਨੂੰ ਪਤਾ ਹੈ ਉਹ ਗਿਆ ਸੀ। ਅਤੇ ਮੈਂ ਵਰ੍ਹਿਆਂ ਤੋਂ ਉਸਦਾ ਦੋਸਤ ਰਿਹਾ ਹਾਂ, ਵੇਖੋ, ਅਤੇ ਉਹ ਮੇਰੇ ਘਰ ਨਹੀਂ ਆਉਂਦਾ।"

107 ਪਰ ਜੇ ਉਹ ਪਵਿੱਤਰ ਆਤਮਾ ਦੁਆਰਾ ਨਾ ਜਾਣ ਲਈ ਲਾਚਾਰ ਹੈ, ਚੰਗਾ ਹੋਵੇਗਾ ਕਿ ਉਹ ਨਾ ਜਾਵੇ, ਜੇਕਰ ਉਹ ਪਰਮੇਸ਼ੁਰ ਦੇ ਜੂਲੇ ਵਿੱਚ ਹੈ। ਉਸਦਾ ਦੋਸਤ, ਉਹ ਪ੍ਰੇਮ ਕਰਦਾ ਹੈ। ਪਰ ਚੰਗਾ ਹੋਵੇਗਾ ਜੇ ਉੱਥੇ ਜਾਣ ਲਈ ਪਵਿੱਤਰ ਆਤਮਾ ਉਸ ਦੀ ਅਗਵਾਈ ਕਰੇ, ਕਿਉਂਕਿ ਇਸ ਤੋਂ ਬਿਨਾਂ, ਇਸ ਨਾਲ ਕੋਈ ਭਲਾ ਨਹੀਂ ਹੋਵੇਗਾ। ਮੈਂ ਇਸ ਨੂੰ ਬਹੁਤ ਵਾਰ ਅਨੁਭਵ ਕਰਦਾ ਹਾਂ।

108 ਪਰ ਪੌਲੁਸ ਸਿਰਫ਼ ਆਤਮਾ ਦੀ ਉਡੀਕ ਕਰ ਰਿਹਾ ਸੀ ਕਿ ਉਹ ਉਸਨੂੰ ਦੱਸੇ ਕਿ ਕੀ ਕਰਨਾ ਹੈ। "ਆਤਮਾ ਦੀ ਉਡੀਕ ਕਰੋ," ਕਿਹਾ। ਉਹ ਇੱਕ ਰਾਤ ਖੜਾ ਸੀ, ਪ੍ਰਚਾਰ ਕਰਦਾ ਹੋਇਆ, ਅਤੇ ਉੱਥੋਂ ਬਾਹਰ ਨਿਕਲਿਆ, ਉਸਨੇ ਇੱਕ ਅਪਾਹਜ ਆਦਮੀ ਨੂੰ ਦੇਖਿਆ। ਅਤੇ ਉਸੇ ਵੇਲੇ, ਆਤਮਾ ਨੇ ਉਸ ਨਾਲ ਗੱਲ ਕੀਤੀ, ਅਤੇ ਉਸਨੇ ਕਿਹਾ, "ਮੈਂ ਸਮਝਦਾ ਹਾਂ…" ਕਿਵੇਂ? ਉਸੇ ਤਰ੍ਹਾਂ ਜਿਸ ਤਰ੍ਹਾਂ ਉਸਨੇ ਸਮਝਿਆ ਕਿ ਉਹ ਇੱਕ ਟਾਪੂ ਤੇ, ਨਾਸ਼ ਹੋਣ ਜਾ ਰਹੇ ਹਨ। ਸਮਝੇ? "ਮੈਂ ਸਮਝਦਾ ਹਾਂ ਕਿ ਤੁਹਾਡੇ ਕੋਲ ਚੰਗਾ ਹੋਣ ਲਈ ਵਿਸ਼ਵਾਸ ਹੈ। ਆਪਣੇ ਪੈਰਾਂ ਤੇ ਖੜ੍ਹੇ ਹੋਵੋ। ਯਿਸੂ ਮਸੀਹ ਨੇ ਤੁਹਾਨੂੰ ਚੰਗਾ ਕੀਤਾ।" ਵੇਖਿਆ? ਉਥੇ ਤੁਸੀਂ ਹੋ। ਉਹ—ਉਹ ਸੀ—ਉਹ ਜੂਲੇ ਵਿੱਚ ਸੀ। ਹੋ ਸਕਦਾ ਹੈ ਕਿ ਉਸਨੇ ਉੱਥੇ ਇੱਕ ਹਫ਼ਤੇ ਦੀ ਬੇਦਾਰੀ ਕੀਤੀ ਹੋਵੇ, ਅਤੇ ਕੁਝ ਵੀ ਨਹੀਂ ਹੋਇਆ ਸੀ, ਪਰ ਫਿਰ ਵੀ ਉਸਨੇ ਪਵਿੱਤਰ ਆਤਮਾ ਦੇ ਕਹਿਣ ਦੀ ਉਡੀਕ ਕੀਤੀ। ਦੇਖੋ? ਉਹ ਉਸ ਪੁਕਾਰ ਦੇ ਲਈ ਜੂਲੇ ਵਿੱਚ ਸੀ।

109 ਹੁਣ ਤੁਸੀਂ ਕਹਿੰਦੇ ਹੋ, "ਭਾਈ ਬ੍ਰਨਹਾਮ, ਤੁਸੀਂ ਉਸ ਦਾ ਖੰਡਣ ਕਰ ਰਹੇ ਹੋ ਜੋ ਤੁਸੀਂ ਐਤਵਾਰ ਕਿਹਾ ਸੀ, ਜਿਸ ਬਾਰੇ ਤੁਸੀਂ ਇਸ ਸਮੇਂ ਤੋਂ ਇੰਤਜ਼ਾਰ ਕਰ ਰਹੇ ਹੋ।"

110 ਅਤੇ, ਪਰ, ਤੁਹਾਨੂੰ ਯਾਦ ਹੈ, ਇਹ ਪਵਿੱਤਰ ਆਤਮਾ ਸੀ ਜਿਸਨੇ ਮੇਰੇ ਨਾਲ ਰਾਹ ਵਿੱਚ ਗੱਲ ਕੀਤੀ ਸੀ, ਅਤੇ ਕਿਹਾ, "ਮੈਂ ਤੈਨੂੰ ਬਿਮਾਰਾਂ ਅਤੇ ਦੁਖੀ ਲੋਕਾਂ ਵਿੱਚ ਵਾਪਸ ਭੇਜ ਰਿਹਾ ਹਾਂ।" ਸਮਝੇ? ਇਹ ਪਵਿੱਤਰ ਆਤਮਾ ਦੀ ਆਗਿਆਕਾਰੀ ਹੈ। ਯਕੀਨਨ। ਮੈਂ ਉਦੋਂ ਤੱਕ ਨਹੀਂ ਗਿਆ ਜਦੋਂ ਤੱਕ ਉਸਨੇ ਮੈਨੂੰ ਅਜਿਹਾ ਕਰਨ ਲਈ ਨਹੀਂ ਕਿਹਾ। ਮੈਂ **ਯਹੋਵਾਹ ਇੰਝ ਫ਼ਰਮਾਉਂਦਾ ਹੈ** ਦੀ ਉਡੀਕ ਕਰ ਰਿਹਾ ਸੀ, ਜਦੋਂ ਤੱਕ ਮੈਨੂੰ **ਯਹੋਵਾਹ ਇੰਝ ਫ਼ਰਮਾਉਂਦਾ ਹੈ** ਮਿਲ ਨਹੀਂ ਗਿਆ। ਹੁਣ, ਇਹੀ ਫਰਕ ਹੈ। ਸਮਝੇ? ਹੁਣ, ਇਹ, ਇਹ ਇੱਕ ਫਰਕ ਬਣਾਉਂਦਾ ਹੈ। ਹਾਂ।

111 ਉਸ ਨੇ ਪ੍ਰਭੂ ਦੇ ਵਚਨ ਦੀ ਉਡੀਕ ਕੀਤੀ। ਉਸ ਨੂੰ ਆਤਮਾ ਵਿੱਚ ਦਬਾਇਆ ਗਿਆ ਸੀ, ਕੇਵਲ ਪਰਮੇਸ਼ੁਰ ਦੇ ਹੁਕਮ ਪੂਰੇ ਕਰਨ ਲਈ, ਫਿਰ

ਉਹ ਯਿਸੂ ਮਸੀਹ ਦਾ ਕੈਦੀ ਬਣ ਗਿਆ। ਦੋਸਤੋ, ਕਾਸ਼ ਅਸੀਂ ਸਿਰਫ਼ ਕੈਦੀ ਬਣ ਜਾਂਦੇ!

112 ਮੈਨੂੰ ਪਤਾ ਹੈ ਗਰਮੀ ਹੈ। ਪਰ ਮੈਂ—ਮੈਂ ਕੁਝ ਹੋਰ ਕਿਰਦਾਰਾਂ ਦੇ ਨਾਮ ਦੇਣਾ ਚਾਹਾਂਗਾ, ਜੇਕਰ ਤੁਸੀਂ ਚਾਹੁੰਦੇ ਹੋ। ਮੈਂ ਲਗਭਗ ਛੇ ਜਾਂ ਅੱਠ ਇੱਥੇ ਲਿਖੇ ਹੋਏ ਹਨ। ਪਰ ਮੈਂ—ਮੈਂ ਸਿਰਫ਼ ਇੱਕ ਜਾਂ ਦੋ ਕਿਰਦਾਰਾਂ ਦੇ ਨਾਮ ਦੇਣਾ ਚਾਹਾਂਗਾ।

113 ਆਓ ਮੂਸਾ ਦੇ ਕਿਰਦਾਰ ਨੂੰ ਲੈਂਦੇ ਹਾਂ। ਉਹ ਇੱਕ ਮੁਕਤੀਦਾਤਾ ਪੈਦਾ ਹੋਇਆ ਸੀ। ਅਤੇ ਉਹ—ਉਹ—ਉਹ ਜਾਣਦਾ ਸੀ, ਕਿ ਉਹ ਇੱਕ ਮੁਕਤੀਦਾਤਾ ਪੈਦਾ ਹੋਇਆ ਸੀ।

114 ਪਰ ਮੂਸਾ ਬਾਰੇ ਬੋਲਣ ਤੋਂ ਪਹਿਲਾਂ, ਮੈਂ ਇਹ ਬਿਆਨ ਦੇਣਾ ਚਾਹਾਂਗਾ, ਕਿ, ਪਰਮੇਸ਼ੁਰ ਨੂੰ ਹਮੇਸ਼ਾ ਕਿਸੇ ਵਿਅਕਤੀ ਨੂੰ ਲੈਣਾ ਪਿਆ, ਜੋ ਉਸ ਦੀ ਸੱਚੀ ਸੇਵਾ ਕਰੇ, ਉਸ ਦਾ ਕੈਦੀ ਹੋਣ ਲਈ। ਮਨੁੱਖ ਨੂੰ ਆਪਣੀ ਹਰ ਇੱਛਾ ਦਾ ਸਮਰਪਣ ਕਰਨਾ ਪਵੇਗਾ, ਜੋ ਵੀ ਉਹ ਹੈ, ਹਰ—ਹਰ ਚੀਜ਼, ਉਸਦੀ ਜ਼ਿੰਦਗੀ, ਆਤਮਾ, ਸਰੀਰ, ਇੱਛਾ, ਅਭਿਲਾਸ਼ਾਵਾਂ, ਅਤੇ ਹੋਰ ਸਭ ਕੁਝ, ਅਤੇ ਇੱਕ ਪੂਰਨ, ਮਸੀਹ ਲਈ ਇੱਕ ਕੈਦੀ ਬਣੇ, ਜੋ ਵਚਨ ਹੈ, ਪਰਮੇਸ਼ੁਰ ਦੀ ਸੇਵਾ ਕਰਨ ਲਈ।

115 ਤੁਹਾਨੂੰ ਆਪਣੇ ਬਿਹਤਰ ਨਿਰਣੇ ਦੇ ਉਲਟ ਚੱਲਣਾ ਪੈ ਸਕਦਾ ਹੈ। ਹੋ ਸਕਦਾ ਹੈ, ਕਿਸੇ ਖਾਸ ਸੰਸਥਾ ਵਿੱਚ, ਤੁਸੀਂ ਸੋਚ ਸਕਦੇ ਹੋ ਕਿ ਉਹ ਤੁਹਾਨੂੰ ਉੱਚਾ ਚੁੱਕ ਸਕਦੇ ਹਨ ਅਤੇ ਤੁਹਾਨੂੰ ਕੁਝ ਵਧੀਆ ਦੇ ਸਕਦੇ ਹਨ, ਤਾਂ ਜੋ ਤੁਸੀਂ ਚਮਕ ਸਕੋ। ਪਰ ਤੁਸੀਂ ਆਪਣੇ ਆਪ ਨੂੰ ਕੀ ਵੇਖਦੇ ਹੋ? ਤੁਸੀਂ ਆਪਣੇ ਆਪ ਨੂੰ ਹਾਰਿਆ ਹੋਇਆ ਪਾਉਂਦੇ ਹੋ, ਕੁਝ ਸਮੇਂ ਬਾਅਦ, ਜਦੋਂ ਤੱਕ ਕਿ ਪਰਮੇਸ਼ੁਰ ਇੱਕ ਅਜਿਹਾ ਆਦਮੀ ਨਹੀਂ ਲੈਂਦਾ ਜੋ ਉਸ ਲਈ ਕੈਦੀ ਬਣਨ ਲਈ ਤਿਆਰ ਹੈ।

116 ਪਰਮੇਸ਼ੁਰ ਕੈਦੀਆਂ ਨੂੰ ਲੱਭ ਰਿਹਾ ਹੈ। ਉਸਨੇ ਹਮੇਸ਼ਾਂ ਇਹ ਕੀਤਾ ਹੈ। ਤੁਸੀਂ ਇਸ ਨੂੰ ਵਚਨ ਦੁਆਰਾ ਖੋਜ ਸਕਦੇ ਹੋ। ਇੱਕ ਆਦਮੀ ਨੂੰ ਮਸੀਹ ਲਈ ਇੱਕ ਕੈਦੀ ਹੋਣਾ ਚਾਹੀਦਾ ਹੈ, ਕਿਸੇ ਵੀ ਚੀਜ ਦੀ ਬਜਾਏ। ਇਸ ਲਈ, ਤੁਸੀਂ ਮਸੀਹ ਤੋਂ ਇਲਾਵਾ ਕਿਸੇ ਹੋਰ ਚੀਜ਼ ਨਾਲ ਨਹੀਂ ਜੁੜੇ ਹੋ ਸਕਦੇ; ਇੱਥੋਂ ਤੱਕ ਕਿ ਤੁਹਾਡੇ ਪਿਤਾ, ਤੁਹਾਡੀ ਮਾਂ, ਤੁਹਾਡੇ ਭਰਾ, ਤੁਹਾਡੀ ਭੈਣ, ਤੁਹਾਡਾ ਪਤੀ, ਤੁਹਾਡੀ ਪਤਨੀ, ਕਿਸੇ ਨਾਲ ਵੀ। ਤੁਸੀਂ ਕੇਵਲ ਮਸੀਹ ਨਾਲ ਜੁੜੇ ਹੋ, ਅਤੇ ਕੇਵਲ ਉਸ ਨਾਲ, ਤਦ ਪਰਮੇਸ਼ੁਰ ਤੁਹਾਨੂੰ ਵਰਤ ਸਕਦਾ ਹੈ। ਉਦੋਂ ਤੱਕ, ਤੁਸੀਂ ਨਹੀਂ ਕਰ ਸਕਦੇ।

117 ਬਾਹਰ ਜਾ ਕੇ, ਕਈ ਵਾਰ ਲੋਕਾਂ ਨਾਲ ਮਾੜਾ ਬੋਲਦੇ ਹੋ। ਸਮਝੇ? ਮੈਂ—ਮੈਂ ਤੁਹਾਨੂੰ ਢਿੱਲਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ। ਤੁਹਾਡੇ ਕੋਲ ਇੱਕ ਸ਼ੁਰੂਆਤੀ ਸਥਾਨ ਹੋਣਾ ਚਾਹੀਦਾ ਹੈ, ਜਿਵੇਂ ਕਿ ਕਦੇ ਕਦੇ ਆਪਣੇ ਵਾਲਾਂ ਦੇ ਪਟੇ ਬਣਾਉਣ ਅਤੇ ਅਜਿਹੇ ਕੱਪੜੇ ਪਹਿਣਨ ਵਾਲੀਆਂ ਔਰਤਾਂ ਨੂੰ ਪੁਕਾਰਨਾ, ਜੋ ਆਪਣੇ ਮਸੀਹੀ ਹੋਣ ਦੇ ਦਾਅਵੇ ਨੂੰ ਬਰਕਰਾਰ ਰੱਖਦੀਆਂ ਹਨ। ਕਹਿਣਗੇ, "ਇਹ ਛੋਟੀ ਜਿਹੀ ਗੱਲ ਹੈ।" ਖੈਰ, ਤੁਹਾਨੂੰ ਕਿਤੇ ਤਾਂ ਸ਼ੁਰੂ ਕਰਨਾ ਪਏਗਾ। ਇਸ ਲਈ ਉੱਥੇ ਹੀ ਸ਼ੁਰੂ ਕਰੋ, ਆਪਣੇ ੳ ਅ ੲ ਦੇ ਨਾਲ। ਸਮਝੇ? ਅਤੇ ਦੁਨਿਆਵੀ ਰੂਪ ਨੂੰ ਛੱਡ ਦਿਓ, ਕਿਸੇ ਵੀ ਤਰ੍ਹਾਂ, ਅਤੇ ਮਸੀਹ ਦੇ ਕੈਦੀ ਬਣੋ। ਅਤੇ ਫਿਰ ਜਾਰੀ ਰੱਖੋ, ਹਰੇਕ ਚੀਜ਼ ਨੂੰ ਕੱਟ ਦਿਓ, ਜਦੋਂ ਤੱਕ ਅੰਤ ਵਿੱਚ ਆਖਰੀ ਕਤਾਰ ਵੀ ਕੱਟੀ ਜਾਂਦੀ ਹੈ। ਫਿਰ ਤੁਸੀਂ—ਤੁਸੀਂ ਹੋ—ਤੁਸੀਂ ਇੱਕ ਕੈਦੀ ਹੋ, ਫਿਰ ਤੁਸੀਂ ਉਸਦੀ ਪਕੜ ਵਿੱਚ ਹੋ, ਉਸਨੇ—ਉਸਨੇ ਤੁਹਾਨੂੰ ਆਪਣੀ ਪਕੜ ਵਿੱਚ ਲਿਆ ਹੋਇਆ ਹੈ।

118 ਹੁਣ, ਮੂਸਾ ਜਾਣਦਾ ਸੀ ਕਿ ਉਹ ਮੁਕਤੀਦਾਤਾ ਪੈਦਾ ਹੋਇਆ ਸੀ। ਉਹ ਇਹ ਜਾਣਦਾ ਸੀ। ਅਤੇ ਕੀ ਤੁਸੀਂ ਧਿਆਨ ਦਿੱਤਾ, ਜੋ ਮੂਸਾ ਦੀ ਅਭਿਲਾਸ਼ਾ ਸੀ; ਇਹ ਜਾਣਦੇ ਹੋਏ ਕਿ ਉਸਦੀ ਮਾਂ ਨੇ ਉਸਨੂੰ ਉੱਥੇ ਦੱਸਿਆ ਸੀ, ਕਿਉਂਕਿ ਉਹ ਉਸਦੀ ਦਾਈ ਸੀ।

119 ਕੋਈ ਸ਼ੱਕ ਨਹੀਂ, ਜਦੋਂ ਮੂਸਾ ਦਾ ਜਨਮ ਹੋਇਆ ਸੀ, ਉਸ ਦੀ ਮਾਂ ਨੇ ਕਿਹਾ ਸੀ, "ਤੁਸੀਂ ਜਾਣਦੇ ਹੋ, ਮੂਸਾ, ਜਦੋਂ...ਤੁਹਾਡੇ ਪਿਤਾ ਜੀ, ਅਮਰਾਮ, ਅਤੇ ਮੈਂ ਲਗਾਤਾਰ ਪ੍ਰਾਰਥਨਾ ਕਰਦੇ ਸੀ। ਅਸੀਂ ਜਾਣਦੇ ਸੀ, ਅਤੇ ਵਚਨ ਵਿੱਚ ਦੇਖਿਆ, ਇਹ ਇੱਕ ਮੁਕਤੀਦਾਤਾ ਦੇ ਆਉਣ ਦਾ ਸਮਾਂ ਸੀ। ਅਤੇ ਅਸੀਂ ਪ੍ਰਾਰਥਨਾ ਕੀਤੀ, 'ਹੇ ਪ੍ਰਭੂ, ਅਸੀਂ ਉਸ ਮੁਕਤੀਦਾਤੇ ਨੂੰ ਦੇਖਣਾ ਚਾਹੁੰਦੇ ਹਾਂ।' ਇੱਕ ਰਾਤ, ਪ੍ਰਭੂ ਨੇ ਸਾਨੂੰ, ਇੱਕ ਦਰਸ਼ਨ ਵਿੱਚ ਦੱਸਿਆ, ਕਿ ਤੁਸੀਂ ਪੈਦਾ ਹੋਵੋਗੇ, ਅਤੇ ਤੁਸੀਂ ਮੁਕਤੀਦਾਤਾ ਹੋਵੋਗੇ। ਅਸੀਂ ਰਾਜੇ ਦੇ ਹੁਕਮ ਤੋਂ ਨਹੀਂ ਡਰੇ। ਸਾਨੂੰ ਪਰਵਾਹ ਨਹੀਂ ਸੀ ਕਿ ਰਾਜੇ ਨੇ ਕੀ ਕਿਹਾ ਸੀ। ਤਦ, ਅਸੀਂ ਜਾਣਦੇ ਸੀ ਕਿ ਤੁਸੀਂ ਇੱਕ ਮੁਕਤੀਦਾਤਾ ਪੈਦਾ ਹੋਏ ਸੀ। ਹੁਣ, ਮੂਸਾ, ਅਸੀਂ ਜਾਣਦੇ ਹਾਂ ਕਿ ਅਸੀਂ ਤੁਹਾਨੂੰ ਸਹੀ ਢੰਗ ਨਾਲ ਨਹੀਂ ਪਾਲ ਸਕੇ।"

120 ਹੁਣ ਯਾਦ ਕਰੋ, ਉਹ ਉੱਥੇ ਚਾਰ ਸੌ ਸਾਲ, ਮਿਸਰ ਵਿੱਚ ਰਹੇ ਸਨ। ਸਮਝੇ?

121 "ਅਤੇ ਅਸੀਂ—ਅਸੀਂ ਤੁਹਾਨੂੰ ਸਹੀ ਚੀਜ਼ ਦੇਣਾ ਚਾਹੁੰਦੇ ਸੀ, ਸਹੀ ਸਿੱਖਿਆ, ਸਹੀ ਸਿਖਲਾਈ। ਇਸ ਲਈ, ਮੈਂ ਤੁਹਾਨੂੰ ਲੈ ਗਈ ਅਤੇ ਤੁਹਾਨੂੰ ਇੱਕ ਛੋਟੀ ਕਿਸ਼ਤੀ ਵਿੱਚ ਰੱਖਿਆ, ਅਤੇ ਤੁਹਾਨੂੰ ਨੀਲ ਨਦੀ ਵਿੱਚ ਛੱਡ

ਦਿੱਤਾ। ਅਤੇ ਕਿੰਨੀ ਅਜੀਬ ਗੱਲ ਹੈ ਕਿ ਪਾਣੀ ਦਾ ਪ੍ਰਵਾਹ ਉਸ ਛੋਟੀ ਜਿਹੀ ਕਿਸ਼ਤੀ ਨੂੰ ਕਾਨਿਆਂ ਅਤੇ ਤੇਜ ਧਾਰ ਰਾਹੀਂ ਹੇਠਾਂ ਲੈ ਲਿਆ, ਅਤੇ ਇਸ ਨੂੰ ਸਿੱਧਾ ਹੇਠਾਂ ਲੈ ਆਇਆ, ਮੀਲਾਂ ਦੂਰ, ਅਤੇ ਇਸਨੂੰ ਸਿੱਧਾ ਫ਼ਿਰਊਨ ਦੇ ਮਹਿਲ ਵਿੱਚ ਮੋੜ ਦਿੱਤਾ, ਜਿੱਥੇ ਉਸਦੀ...ਫਿਰਊਨ ਦੀ ਧੀ ਸੀ, ਜਿੱਥੇ ਉਸਦਾ ਨਹਾਉਣ ਵਾਲਾ ਤਲਾਅ ਸੀ। ਅਤੇ ਮੈਂ ਇਹ ਕਿਵੇਂ—ਕਿਵੇਂ ਜਾਣਿਆ ਕਿ ਤੁਹਾਨੂੰ ਪਾਲਣ ਲਈ ਉਸ ਨੂੰ ਇੱਕ ਔਰਤ ਦੀ ਲੋੜ ਹੈ।"

122 ਅਤੇ ਉਹਨਾਂ ਦਿਨਾਂ ਵਿੱਚ, ਬੇਸ਼ੱਕ, ਉਹਨਾਂ ਕੋਲ ਬੱਚਿਆਂ ਨੂੰ ਪਾਲਣ ਲਈ ਇਹ ਬੋਤਲਾਂ ਨਹੀਂ ਸਨ, ਇਸ ਲਈ ਉਹ ਇੱਕ—ਇੱਕ ਦੁੱਧ ਲਾਹੀ ਦਾਈ ਹੋਣੀ ਚਾਹੀਦੀ ਹੈ। ਇਸ ਲਈ...

123 "ਅਤੇ, ਮਿਰਯਮ, ਮੈਂ ਉਸਨੂੰ ਹੇਠਾਂ ਭੇਜ ਦਿੱਤਾ। ਅਤੇ ਉਹ ਉੱਥੇ ਖੜ੍ਹੀ ਰਹੀ, ਅਤੇ ਉਸਨੇ ਕਿਹਾ, 'ਮੈਨੂੰ ਪਤਾ ਹੈ ਕਿ ਮੈਨੂੰ ਇੱਕ ਦੁੱਧ ਲਾਹੀ ਦਾਈ ਕਿੱਥੇ ਮਿਲ ਸਕਦੀ ਹੈ,' ਅਤੇ ਆ ਕੇ ਮੈਨੂੰ ਲੈ ਗਈ। ਅਤੇ, ਮੂਸਾ, ਸਾਰੇ ਦਰਵਾਜ਼ੇ ਬੰਦ ਹਨ। ਪਿਆਰੇ, ਤੁਸੀਂ ਹੁਣ ਸੋਲ੍ਹਾਂ ਸਾਲਾਂ ਦੇ ਹੋ, ਅਤੇ ਤੁਸੀਂ ਫ਼ਿਰਊਨ ਦਾ ਪੁੱਤਰ ਬਣਨ ਜਾ ਰਹੇ ਹੋ। ਅਤੇ ਕਿਸੇ ਦਿਨ ਤੁਸੀਂ ਮੁਕਤੀਦਾਤਾ ਬਣਨ ਜਾ ਰਹੇ ਹੋ ਜੋ ਲੋਕਾਂ ਨੂੰ ਇੱਥੋਂ ਬਾਹਰ ਲੈ ਜਾ ਰਿਹਾ ਹੈ।"

124 ਮੂਸਾ ਦੀਆਂ ਇੱਛਾਵਾਂ ਵਧਣੀਆਂ ਸ਼ੁਰੂ ਹੋ ਜਾਂਦੀਆਂ ਹਨ। "ਮੈਂ ਪੜ੍ਹਾਂਗਾ, ਮਾਂ। ਮੈਂ ਜੋ ਵੀ ਕਰ ਸਕਦਾ ਹਾਂ ਉਸਦਾ ਅਧਿਐਨ ਕਰਾਂਗਾ। ਤੁਸੀਂ ਜਾਣਦੇ ਹੋ ਕਿ ਮੈਂ ਕੀ ਕਰਾਂਗਾ? ਮੈਂ ਅਧਿਐਨ ਕਰਾਂਗਾ ਕਿ ਇੱਕ ਫੌਜੀ ਆਦਮੀ ਕਿਵੇਂ ਬਣਨਾ ਹੈ, ਅਤੇ ਮੈਂ ਪਤਾ ਕਰਾਂਗਾ ਕਿ ਇਹਨਾਂ ਲੋਕਾਂ ਨੂੰ ਇੱਥੋਂ ਕਿਵੇਂ ਕੱਢਣਾ ਹੈ। ਮੈਂ ਇੱਕ ਮਹਾਨ ਸੈਨਾਪਤੀ, ਬਿਸ਼ਪ ਹੋਵਾਂਗਾ, ਇਸ ਲਈ ਮੈਨੂੰ ਪਤਾ ਹੋਵੇਗਾ ਕਿ ਇਹ ਕਿਵੇਂ ਕੀਤਾ ਜਾਂਦਾ ਹੈ। ਅਤੇ ਮੈਂ—ਮੈਂ ਇਸਨੂੰ ਬਾਹਰ ਲੈ ਜਾਵਾਂਗਾ। ਮੈਂ ਆਪਣੀ ਪੀਐਚ.ਡੀ ਜਾਂ ਐਲ.ਐਲ ਲਵਾਂਗਾ। ਮੈਂ—ਮੈਂ ਇਹ ਕਰਾਂਗਾ।"

125 "ਫਾਦਰ ਚਿਨੀਕੀ," ਵਾਂਗ, ਜੇ ਤੁਸੀਂ ਉਸਦੀਆਂ ਕਿਤਾਬਾਂ ਪੜ੍ਹਦੇ ਹੋ। ਠੀਕ ਹੈ। ਉਹ "ਸਾਰੇ ਪ੍ਰੋਟੈਸਟੈਂਟਾਂ ਨੂੰ ਛੁਡਾਉਣ ਜਾ ਰਿਹਾ ਹੈ," ਤੁਸੀਂ ਜਾਣਦੇ ਹੋ, ਅਤੇ ਉਹ ਆਪ ਹੀ, ਇੱਕ ਬਣ ਜਾਂਦਾ ਹੈ। ਇਸ ਲਈ, ਇਹ ਮਹਾਨ ਜਾਜਕ, ਕਈ ਸਾਲ ਪਹਿਲਾਂ, "ਫਾਦਰ ਚਿਨੀਕੀ," ਤੁਹਾਨੂੰ ਉਸਦੀ ਕਿਤਾਬ ਪ੍ਰਾਪਤ ਕਰਨੀ ਚਾਹੀਦੀ ਹੈ ਅਤੇ ਇਸਨੂੰ ਪੜ੍ਹਨਾ ਚਾਹੀਦਾ ਹੈ। ਉਹ ਉਸਨੂੰ ਫਾਦਰ ਜਾਨੀ "ਪਿਤਾ" ਕਹਿੰਦੇ ਹਨ। ਉਹ ਸਿਰਫ਼ ਭਾਈ ਚਿਨੀਕੀ ਹੈ, ਇਹ ਕੀ ਸੀ। ਅਸੀਂ ਇਸ ਤਰ੍ਹਾਂ ਕਿਸੇ ਵੀ ਆਦਮੀ ਨੂੰ, "ਪਿਤਾ" ਨਹੀਂ ਕਹਿੰਦੇ। ਇਸ ਲਈ ਸਾਨੂੰ ਪਤਾ ਚਲਦਾ ਹੈ—ਕਿ ਅਸੀਂ...ਉਹ ਬਾਈਬਲ ਪੜ੍ਹਨ ਜਾ ਰਿਹਾ ਸੀ, ਤਾਂ ਜੋ

ਉਹ ਉੱਥੇ ਜਾਵੇ ਅਤੇ ਪ੍ਰੋਟੈਸਟੈਂਟ ਧਰਮ ਨੂੰ ਗਲਤ ਸਾਬਤ ਕਰ ਸਕੇ ਅਤੇ ਇਸ ਨੂੰ ਪੂਰਾ ਕੈਥੋਲਿਕ ਬਣਾ ਸਕੇ। ਅਤੇ ਜਦੋਂ ਉਹ ਬਾਈਬਲ ਪੜ੍ਹਨ ਲਈ ਗਿਆ, ਤਾਂ ਪਵਿੱਤਰ ਆਤਮਾ ਉਸ ਉੱਤੇ ਆਇਆ, ਅਤੇ ਉਸਨੂੰ ਪਵਿੱਤਰ ਆਤਮਾ ਮਿਲਿਆ, ਅਤੇ ਫਿਰ—ਫਿਰ ਉਹ ਉਨ੍ਹਾਂ ਵਿੱਚੋਂ ਇੱਕ ਬਣ ਗਿਆ।

126 ਤਾਂ ਫਿਰ ਇਸ ਵੱਲ ਧਿਆਨ ਦਿਓ, ਕਿ ਮੂਸਾ ਨੇ ਸਾਰੀ ਸਿਖਲਾਈ ਪ੍ਰਾਪਤ ਕੀਤੀ। ਕਿਉਂਕਿ, ਉਹ—ਉਹ ਜਾਣਦਾ ਸੀ। ਉਹ ਇੰਨਾ ਹੁਸ਼ਿਆਰ, ਇੰਨਾ ਪੜ੍ਹਿਆ ਲਿਖਿਆ, ਇੰਨਾ ਬੁੱਧੀਮਾਨ ਸੀ! ਇੱਥੋਂ ਤੱਕ, ਕੋਈ ਨਹੀਂ… ਉਹ ਮਿਸਰੀਆਂ ਨੂੰ ਵੀ ਸਿਖਾ ਸਕਦਾ ਸੀ। ਇੱਥੋਂ ਤੱਕ, ਉਹ ਉਹਨਾਂ ਦੇ ਮਨੋਵਿਗਿਆਨੀਆਂ ਨੂੰ ਸਿਖਾ ਸਕਦਾ ਸੀ। ਉਹ ਉਨ੍ਹਾਂ—ਉਨ੍ਹਾਂ ਦੇ ਜਰਨੈਲਾਂ ਨੂੰ ਸਿਖਾ ਸਕਦਾ ਸੀ ਕਿ ਫੌਜੀ ਤਾਕਤ ਕੀ ਹੁੰਦੀ ਹੈ। ਉਹ ਇੱਕ ਮਹਾਨ ਆਦਮੀ ਸੀ। ਅਤੇ ਲੋਕ ਮੂਸਾ ਤੋਂ ਡਰਦੇ ਸਨ, ਉਸਦੀ ਮਹਾਨਤਾ ਦੇ ਕਾਰਨ। ਔਹ, ਅਜਿਹਾ ਵਿਦਵਾਨ! ਮੇਰੇ! ਉਹ ਇੱਕ ਪ੍ਰਧਾਨ ਬਿਸ਼ਪ, ਜਾਂ ਸ਼ਾਇਦ ਇੱਕ ਪੋਪ ਵਾਂਗ ਸੀ। ਉਹ ਇੱਕ ਮਹਾਨ ਆਦਮੀ ਸੀ। ਅਤੇ ਉਹ ਇੱਕ—ਇੱਕ—ਇੱਕ ਸ਼ਕਤੀਸ਼ਾਲੀ ਆਦਮੀ ਸੀ। ਅਤੇ ਉਹ ਜਾਣਦਾ ਸੀ ਕਿ ਉਹ ਅਜਿਹਾ ਕਰਨ ਲਈ ਪੈਦਾ ਹੋਇਆ ਸੀ, ਅਤੇ ਉਸਨੇ ਇਸ ਨੂੰ ਕਰਨ ਲਈ, ਬਹੁਤ ਅਭਿਲਾਸ਼ਾ ਨਾਲ ਸਿਖਲਾਈ ਪ੍ਰਾਪਤ ਕੀਤੀ ਸੀ।

127 ਅੱਜ ਵਾਂਗ ਹੀ। ਮੈਂ ਇਹ ਨਹੀਂ ਕਹਿੰਦਾ ਕਿ ਆਦਮੀ, ਜੋ ਇਹਨਾਂ ਸਕੂਲਾਂ ਵਿੱਚ ਸਿਖਲਾਈ ਲੈਂਦੇ ਹਨ, ਮੈਂ ਇਹ ਨਹੀਂ ਕਹਿੰਦਾ…ਜਿਵੇਂ ਕਿ ਉਹ ਇੱਥੇ, ਪੱਛਮ ਵਿੱਚ ਹਨ, ਹੁਣ, ਉਹ ਸ਼ਾਸ਼ਤਰ ਗਿਆਨ ਲਈ ਇੱਕ ਸੌ-ਪੰਜਾਹ-ਮਿਲੀਅਨ-ਡਾਲਰ ਦਾ ਸਕੂਲ ਬਣਾਉਣ ਜਾ ਰਹੇ ਹਨ, ਦੇਖੋ, ਪੇਂਟੀਕੋਸਟਲ, ਇੱਕ ਸੌਂ-…ਇੱਕ-ਸੌ-ਪੰਜਾਹ ਮਿਲੀਅਨ ਡਾਲਰ ਦਾ ਸਕੂਲ। ਮੇਰੇ ਅਨੁਸਾਰ, ਇਹ ਉਨ੍ਹਾਂ ਮਿਸ਼ਨਰੀਆਂ ਲਈ ਚਾਹੀਦੇ ਹਨ ਜੋ ਸੇਵਾ ਖੇਤਰ ਵਿੱਚ ਹਨ। ਸਮਝੇ? ਸਮਝੇ? ਸਮਝੇ? ਪਰ, ਜੋ ਵੀ ਹੋਵੇ, ਜਦੋਂ ਉਹ ਉੱਥੋਂ ਬਾਹਰ ਆਉਂਦੇ ਹਨ ਤਾਂ ਉਹ ਕੀ ਕਰਦੇ ਹਨ? ਉਹ ਕੀ ਹਨ? ਰਿੱਕੀਆਂ ਦਾ ਝੁੰਡ। ਬਿਲਕੁਲ। ਅਤੇ ਫਿਰ ਇਸ ਤਰ੍ਹਾਂ ਉਹ ਬਾਹਰ ਆਉਂਦੇ ਹਨ। ਇਹ ਹਮੇਸ਼ਾ ਹੁੰਦਾ ਹੈ, ਉਨ੍ਹਾਂ ਵਿੱਚੋਂ ਬਾਕੀ, ਅਤੇ ਇਹ ਉਹੀ ਕਤਾਰ ਹੈ। ਸਮਝੇ?

128 ਹੁਣ ਸਾਨੂੰ ਪਤਾ ਚਲਦਾ ਹੈ, ਕਿ, ਜਦੋਂ, ਮੂਸਾ, ਆਪਣੀ ਸਾਰੀ ਸਿਖਲਾਈ ਵਿੱਚ, ਅਤੇ ਅੱਜ, ਸਾਰੀ ਸਿਖਲਾਈ ਦੇ ਨਾਲ, ਵੱਡੇ ਬਿਸ਼ਪ ਅਤੇ ਇਸ ਤਰ੍ਹਾਂ ਦੀਆਂ ਚੀਜਾਂ ਬਣਾ ਰਹੇ ਹਨ, ਵੱਡੀਆਂ, ਉੱਚਆਂ ਅਭਿਲਾਸ਼ਾਵਾਂ, ਤਾਂ ਅਸੀਂ ਕੀ ਕਰਾਂਗੇ? ਸਾਡੀਆਂ ਇੱਛਾਵਾਂ ਬਿਲਕੁਲ ਉਸੇ ਤਰ੍ਹਾਂ ਬਣ ਜਾਂਦੀਆਂ ਹਨ ਜਿਵੇਂ ਮੂਸਾ ਦੀਆਂ ਸਨ। ਸਮਝੇ?

129 ਪਰਮੇਸ਼ੁਰ, ਇਸ ਤੋਂ ਪਹਿਲਾਂ ਕਿ ਉਹ ਆਦਮੀ ਨੂੰ ਆਪਣੇ ਹੱਥ ਵਿੱਚ ਲੈ ਸਕੇ, ਉਸਨੂੰ ਉਸਦੀ ਅਭਿਲਾਸ਼ਾ ਤੋਂ ਦੂਰ ਕਰਨਾ ਪੈਂਦਾ ਹੈ। ਉਸਨੂੰ ਉਸਦੀ ਸਾਰੀ ਸਿਖਲਾਈ ਤੋਂ ਲਾਂਭੇ ਕਰਨਾ ਪਿਆ।

130 ਉਹ ਬਾਹਰ ਗਿਆ, ਅਤੇ ਉਸ ਨੇ ਛੁਟਕਾਰਾ ਕੀਤਾ; ਉਸਨੇ ਇੱਕ ਮਿਸਰੀ ਨੂੰ ਮਾਰ ਦਿੱਤਾ। ਅਤੇ ਉਸਨੇ, ਅਤੇ ਜਦੋਂ ਉਸਨੇ ਕੀਤਾ, ਉਸਨੂੰ ਪਤਾ ਲੱਗਾ ਕਿ ਉਹ ਗਲਤ ਸੀ। ਉਹ ਅਜਿਹਾ ਨਹੀਂ ਕਰ ਸਕਿਆ। ਇਹ ਇਸ ਤਰ੍ਹਾਂ ਨਹੀਂ ਸੀ। ਅਤੇ ਪਰਮੇਸ਼ੁਰ ਨੂੰ ਉਸਨੂੰ ਉਜਾੜ ਵਿੱਚ, ਮਾਰੂਥਲ ਵਿੱਚ, ਇੱਕ ਮਾਰੂਥਲ ਵਿੱਚ ਲੈ ਜਾਣਾ ਪਿਆ।

131 ਤੁਸੀਂ ਵੇਖੋ, ਅਜੀਬ ਕਿਸਮ ਦਾ, ਕਿਵੇਂ ਇਹ ਸਾਥੀ, ਕਿ ਪਰਮੇਸ਼ੁਰ ਨੇ ਉਨ੍ਹਾਂ ਲਈ ਇੱਕ ਸੰਦੇਸ਼ ਦਿੱਤਾ, ਉਹ ਉਨ੍ਹਾਂ ਨੂੰ ਮਾਰੂਥਲ ਵਿੱਚ ਲੈ ਜਾਂਦਾ ਹੈ।

132 ਉਹ ਪੌਲੁਸ ਨੂੰ ਰੇਗਿਸਤਾਨ ਵਿੱਚ ਲੈ ਗਿਆ, ਉਸਨੂੰ ਸਿਖਲਾਈ ਦੇਣ ਲਈ, ਉਸਨੂੰ ਇਹ ਦੱਸਣ ਲਈ ਕਿ ਇਹ ਸਾਰਾ ਮਹਾਨ ਦਰਸ਼ਣ ਕੀ ਸੀ, ਬਾਹਰ ਰੇਗਿਸਤਾਨ ਵਿੱਚ। “ਕਿਸੇ ਰੇਗਿਸਤਾਨ ਵਿੱਚ ਜਾਓ।” ਅਤੇ ਉਹ ਉਦੋਂ ਤੱਕ ਉੱਥੇ ਰਿਹਾ ਜਦੋਂ ਤੱਕ ਪਰਮੇਸ਼ੁਰ ਨੇ ਪੂਰੀ ਤਰ੍ਹਾਂ ਇਹ ਨਹੀਂ ਦੱਸਿਆ ਕਿ ਕੀ ਕਰਨਾ ਹੈ।

133 ਅਤੇ ਮੂਸਾ ਦੇ ਸਮੇਂ, ਉਹ ਉਸਨੂੰ ਰੇਗਿਸਤਾਨ ਵਿੱਚ ਲੈ ਗਿਆ। ਉਸਨੂੰ ਚਾਲੀ ਸਾਲਾਂ ਲਈ ਉੱਥੇ ਰੱਖਿਆ, ਅਤੇ ਉਸਨੂੰ ਉਸਦੇ ਸਾਰੇ ਧਰਮ ਸ਼ਾਸਤਰ ਦੇ ਗਈਆਂ ਅਤੇ ਉਸਦੀ ਸਾਰੀਆਂ ਇੱਛਾਵਾਂ ਤੋਂ ਵਾਂਝਾ ਕਰ ਦਿੱਤਾ। ਓਹ, ਕੈਸਾ ਸਮਾਂ ਸੀ, ਜਦੋਂ ਉਹ ਪਿੱਛੇ ਮੁੜ ਕੇ ਆਪਣੀ ਅਸਫਲਤਾ ਨੂੰ ਵੇਖ ਸਕਦਾ ਸੀ। ਅਤੇ ਕਿਵੇਂ ਸਾਨੂੰ, ਅੱਜ ਰਾਤ, ਉਹੀ ਕੰਮ ਕਰਨਾ ਚਾਹੀਦਾ ਹੈ, ਜਦੋਂ ਅਸੀਂ ਆਪਣੀ—ਆਪਣੀ ਅਭਿਲਾਸ਼ਾ ਨੂੰ ਦੇਖਦੇ ਹਾਂ।

134 ਚੰਗਾਈ ਮੁਹਿੰਮ ਨੂੰ ਦੇਖੋ, ਅਤੇ ਦੇਖੋ ਕਿ ਕੀ ਪ੍ਰਭੂ ਨੇ ਕੁਝ ਸਾਲ ਪਹਿਲਾਂ ਕੁਝ ਕੀਤਾ ਸੀ, ਬਿਮਾਰਾਂ ਨੂੰ ਚੰਗਾ ਕਰਨਾ ਸ਼ੁਰੂ ਕੀਤਾ, ਅਤੇ ਇਸ ਤਰ੍ਹਾਂ।

135 ਹਰ ਕੋਈ, ਹਰ ਸੰਸਥਾ, ਇਸ ਲਈ ਹੈ ਕਿਉਂਕਿ ਇਹ ਉਹਨਾਂ ਦੇ ਸੰਗਠਨ ਵਿੱਚ ਨਹੀਂ ਆਇਆ, ਉਹਨਾਂ ਨੂੰ ਆਪਣੇ ਲਈ ਇੱਕ ਚੰਗਾ ਕਰਨ ਵਾਲਾ ਲਿਆਉਣਾ ਪਿਆ। ਅਤੇ ਅਸੀਂ ਕੀ ਕੀਤਾ ਹੈ? ਆਓ ਇਸ ਨੂੰ ਇੱਕ ਪਲ ਦੇਖੀਏ। ਅਸੀਂ ਉਹੀ ਕੀਤਾ ਹੈ ਜੋ ਮੂਸਾ ਨੇ ਕੀਤਾ ਸੀ। ਅਸੀਂ ਬਾਹਰ ਗਏ ਹਾਂ ਅਤੇ ਕਿਸੇ ਕਿਸਮ ਦਾ ਚਮਤਕਾਰ ਘੜਣ ਲਈ ਬਹੁਤ ਕੋਸ਼ਿਸ਼ ਕੀਤੀ। “ਮੈਂ ਇੱਕ ਬਿਮਾਰੀ ਨੂੰ ਸੁੰਘਿਆ ਹੈ। ਮੇਰੇ—ਮੇਰੇ—ਮੇਰੇ ਹੱਥ ਵਿੱਚ ਖੂਨ ਆ ਗਿਆ,” ਅਤੇ ਇੱਕ ਚਮਤਕਾਰ ਘੜ ਦਿੱਤਾ। ਸਮਝੇ? ਅਤੇ ਸਾਨੂੰ ਕੀ ਮਿਲਿਆ? ਉਨ੍ਹਾਂ ਵਿੱਚੋਂ ਕੁਝ ਆਦਮੀ ਅਜਿਹੇ ਕਠੋਰ ਤਣਾਅ ਵਿੱਚ ਆ ਗਏ,

ਜੋ ਟੁੱਟ ਗਏ ਹਨ ਅਤੇ ਪੱਕੇ ਸ਼ਰਾਬੀ ਬਣ ਗਏ, ਪਾਗਲ, ਇਸ ਨੇ ਉਨ੍ਹਾਂ ਦੇ ਦਿਮਾਗ ਲੈ ਲਏ, ਅਤੇ ਉਨ੍ਹਾਂ ਨੇ ਬਿਲਕੁਲ ਰਸਤਾ ਬਦਲ ਲਿਆ, ਪੈਂਟੇਕੋਸਟਲ ਉਦੇਸ਼ ਦੇ ਸਿਲਸਿਲੇ ਤੋਂ, ਸੰਗਠਨਾਂ ਅਤੇ ਚੀਜ਼ਾਂ ਨੂੰ ਦੁਬਾਰਾ ਬਣਾਉਣ ਲਈ ਵਾਪਸ ਚਲੇ ਗਏ। ਸਮਝੇ?

136 ਅਸੀਂ ਕੀ ਕੀਤਾ ਹੈ? ਲਗਭਗ ਇੱਕ ਮਿਸਰੀ ਨੂੰ ਮਾਰ ਦਿੱਤਾ। ਇਹ ਠੀਕ ਹੈ। ਅਤੇ ਅਸੀਂ ਕੋਸ਼ਿਸ਼ ਕੀਤੀ ਹੈ। ਅਸੀਂ ਤਣਾਅ ਲਿਆ ਹੈ। ਅਸੀਂ ਭੁਗਤਾਨ ਕੀਤਾ ਹੈ। ਅਸੀਂ ਮਿਹਨਤ ਕੀਤੀ, ਸਾਰੀ ਰਾਤ ਪ੍ਰਾਰਥਨਾ ਸਭਾ ਵਿੱਚ ਗਏ, ਜਦੋਂ ਤੱਕ ਸਾਡੀ ਆਵਾਜ਼ ਬੰਦ ਨਹੀਂ ਹੋ ਗਈ। ਅਤੇ—ਅਤੇ ਕੁਝ ਬਣਾਉਣ ਦੀ ਕੋਸ਼ਿਸ਼ ਕੀਤੀ, ਅਤੇ ਕੁਝ ਦਿਲਚਸਪ ਬਣਾਇਆ, ਅਤੇ ਸਾਰੀਆਂ ਕਿਸਮ ਦੀਆਂ ਚੀਜਾਂ, ਅਤੇ ਇਸਨੂੰ ਪੂਰੀ ਤਰ੍ਹਾਂ ਅਸਫਲ ਪਾਇਆ। ਸਾਨੂੰ ਰੇਗਿਸਤਾਨ ਵੱਲ ਵਾਪਸ-ਜਾਣ ਦੀ ਲੋੜ ਹੈ। ਠੀਕ। ਹਾਂ, ਸ਼੍ਰੀਮਾਨ। ਚੀਰ ਫਾੜ ਅਤੇ ਸੰਘਰਸ਼। ਕਿਉਂ ਨਾ ਬਸ ਹਾਰ ਮੰਨ ਲਈ ਜਾਵੇ? ਇਹ ਉਹ ਹੈ ਜੋ ਤੁਹਾਨੂੰ ਕਰਨਾ ਚਾਹੀਦਾ ਹੈ, ਦੇਖੋ, ਵਾਪਸ ਜਾਓ ਅਤੇ ਹਾਰ ਮਨ ਲਓ। ਕਿਉਂ, ਅਸੀਂ ਉਹੀ ਕੀਤਾ ਜੋ ਉਨ੍ਹਾਂ ਨੇ ਕੀਤਾ, ਉਹੀ ਕੰਮ ਜੋ ਮੂਸਾ ਨੇ ਕੀਤਾ ਸੀ। ਇਸ ਨਾਲ ਕੁਝ ਭਲਾ ਨਹੀਂ ਹੁੰਦਾ। ਚਾਲੀ ਵਰ੍ਹਿਆਂ ਬਾਅਦ, ਉਸਨੇ ਆਪਣੇ ਆਪ ਨੂੰ ਪਰਮੇਸ਼ੁਰ ਦੇ ਵਚਨ ਲਈ ਇੱਕ ਕੈਦੀ ਪਾਇਆ। ਅਸੀਂ ਕੀ ਕਰਨ ਦੀ ਕੋਸ਼ਿਸ਼ ਕਰਦੇ ਹਾਂ?

137 ਜਦੋਂ, ਮਹਾਨ ਅਸੀਸ ਬਾਹਰ ਆਉਂਦੀ ਹੈ, ਅਤੇ ਇਹਨਾਂ ਸਾਰੀਆਂ ਮਹਾਨ ਚੀਜ਼ਾਂ ਦਾ ਪ੍ਰਗਟਾਵਾ ਹੁੰਦਾ ਹੈ ਜਿਨ੍ਹਾਂ ਬਾਰੇ ਪਰਮੇਸ਼ੁਰ ਨੇ ਸਾਨੂੰ ਦੱਸਿਆ ਸੀ: ਸਾਨੂੰ ਕਿਵੇਂ ਦੁਬਾਰਾ ਜਨਮ ਲੈਣਾ ਚਾਹੀਦਾ ਹੈ; ਅਤੇ ਕਿਵੇਂ ਸਾਨੂੰ ਪਵਿੱਤਰ ਆਤਮਾ ਪ੍ਰਾਪਤ ਕਰਨਾ ਚਾਹੀਦਾ ਹੈ; ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ; ਅਤੇ ਇਹ ਸਭ ਕੁਝ।

138 ਤੁਸੀਂ ਵੇਖੋ, ਲੋਕ, ਉਸ ਵਚਨ ਦੇ ਨਾਲ ਰਹਿਣ ਦੀ ਬਜਾਏ, ਇਸ ਨਾਲ ਜੁੜਨ ਦੀ ਬਜਾਏ, ਉਹ ਕੀ ਕਰਦੇ ਹਨ? ਉਹਨਾਂ ਨੇ ਆਪਣੇ ਨਾਮਧਾਰੀ ਸਿਧਾਂਤ ਨਾਲ ਸ਼ੁਰੂਆਤ ਕੀਤੀ, ਜੋ ਪਹਿਲਾਂ ਹੀ ਅਸਫਲ ਹੋ ਚੁੱਕਿਆ ਸੀ, ਅਤੇ ਕੁਝ ਅਜਿਹਾ ਬਣਾਉਣ ਦੀ ਕੋਸ਼ਿਸ ਕੀਤੀ ਜੋ ਸੱਚ ਵਰਗਾ ਦਿੱਖੇ।

139 ਚੰਗਾ ਰਹੇਗਾ ਮੈਂ ਇੱਥੇ ਹੀ ਕੱਟ ਲਵਾਂ। ਸਮਝੇ? ਮੈਨੂੰ ਯਕੀਨ ਹੈ ਕਿ ਤੁਸੀਂ ਇਹ ਜਾਣਨ ਲਈ ਕਾਫ਼ੀ ਸਿਆਣੇ ਹੋ ਕਿ ਮੇਰਾ ਕੀ ਮਤਲਬ ਹੈ। ਸਮਝੇ? ਪਰ, ਕਿਉਂ, ਦੇਖੋ ਕਿ ਕੀ ਕੀਤਾ ਗਿਆ ਹੈ। ਇਸ ਬਾਰੇ ਸੋਚੋ।

140 ਅੱਜ ਰਾਤ, ਸਾਡੇ ਕੋਲ ਕੀ ਹੈ? ਪਰ ਇੱਕ—ਇੱਕ—ਇੱਕ ਸੰਗਠਿਤ ਲੋਕਾਂ ਨਾਲ ਭਰੀ ਇੱਕ ਕੌਮ: ਜੋ ਪਰਮੇਸ਼ੁਰ ਦੇ ਵਚਨਾਂ ਦਾ ਇਨਕਾਰ ਕਰਦੀ

ਹੈ; ਜੋ ਪਵਿੱਤਰ ਆਤਮਾ ਦੇ—ਦੇ—ਦੇ ਜੀਵਨ ਨੂੰ ਕਹਿੰਦੇ ਹਨ, ਕਿ, "ਇਹ ਇੱਕ ਮਾਨਸਿਕ ਸੰਪਰਕ ਸੀ"; ਜੋ ਅਜਿਹੇ ਲੋਕਾਂ ਨੂੰ ਆਪਣੇ ਗਿਰਜੇ ਵਿੱਚ ਆਉਣ ਤੋਂ ਮਨਾ ਕਰਦੇ ਹਨ; ਅਤੇ ਉਹ ਤੁਹਾਨੂੰ ਸੱਪ ਦੇ ਬੀਜ ਦੇ ਇੱਕ ਵੀ ਵਚਨ ਦਾ ਜ਼ਿਕਰ ਕਰਨ ਦੀ ਇਜਾਜ਼ਤ ਨਹੀਂ ਦੇਣਗੇ, ਅਨੰਤ ਸੁਰੱਖਿਆ, ਅਤੇ ਉਹ ਚੀਜ਼ਾਂ ਜੋ ਪਵਿੱਤਰ ਆਤਮਾ ਨੇ ਪ੍ਰਗਟ ਕੀਤੀਆਂ ਹਨ ਅਤੇ ਵਚਨ ਸਾਬਤ ਹੋਈਆਂ ਹਨ। ਮੈਂ ਇੱਕ ਤੋਂ ਬਾਅਦ ਇੱਕ ਚੁਣੌਤੀ ਦਿੱਤੀ, ਆ ਕੇ ਮੈਨੂੰ ਗਲਤ ਸਾਬਤ ਕਰਨ ਲਈ।

141 ਉਨ੍ਹਾਂ ਕੋਲ ਕੀ ਹੈ? ਉਹੀ ਚੀਜ਼ ਜੋ ਲੂਥਰ ਕੋਲ ਸੀ, ਬਾਕੀਆਂ ਨੇ, ਵੇਖੋ, ਇੱਕ ਮਿਸਰੀ ਨੂੰ ਮਾਰ ਦਿੱਤਾ। ਕੀ ਚਾਹੀਦਾ ਹੈ...ਇਹ ਕੀ ਸੀ? ਹੋ ਸਕਦਾ ਹੈ ਕਿ ਉਸਨੇ ਕਿਸੇ ਆਦਮੀ ਤੋਂ ਸ਼ੁਰੂਆਤ ਕਰਵਾਈ...ਚੋਰੀ ਕਰਨੀ ਬੰਦ ਕਰਵਾਈ, ਜਾਂ ਹੋ ਸਕਦਾ ਹੈ ਕਿ ਆਪਣੀ ਪਤਨੀ ਨਾਲ ਸਹੀ ਜੀਓਣਾ ਸ਼ੁਰੂ ਕੀਤਾ। ਪਰ ਤੁਸੀਂ ਉਸ ਨੂੰ ਇਸ ਵਿੱਚੋਂ ਕੀ ਬਣਾਇਆ? ਇੱਕ ਗਿਰਜੇ ਦਾ ਮੈਂਬਰ। "ਆਓ ਅਤੇ ਸਾਡੇ ਸਮੂਹ ਵਿੱਚ ਸ਼ਾਮਲ ਹੋਵੋ।" ਸਮਝੇ?

142 ਉਹ ਬਦਬੂਦਾਰ ਮਰਿਆ ਹੋਇਆ ਆਦਮੀ ਸਿਰਫ ਉਹੀ ਚੀਜ਼ ਸੀ ਜਿਸ ਵੱਲ ਉਹ ਆਪਣੀਆਂ ਉਂਗਲਾਂ ਨਾਲ ਇਸ਼ਾਰਾ ਕਰ ਸਕਦਾ ਸੀ, ਉਸਦੀ ਸਫਲਤਾ, ਚਾਲੀ ਸਾਲਾਂ ਦੀ ਸਿਖਲਾਈ; ਇੱਕ ਬਦਬੂਦਾਰ ਮਿਸਰੀ ਉੱਥੇ ਪਿਆ ਹੋਇਆ ਸੀ, ਸੜਿਆ ਅਤੇ ਮਰਿਆ ਹੋਇਆ।

143 ਇਹ ਅੱਜ ਰਾਤ ਵੀ ਇਸੇ ਤਰ੍ਹਾਂ ਹੈ। ਕੇਵਲ ਇੱਕ ਹੀ ਚੀਜ਼ ਹੈ ਜਿਸ ਵੱਲ ਅਸੀਂ ਇਸ਼ਾਰਾ ਕਰ ਸਕਦੇ ਹਾਂ, ਇਸ ਬੇਦਾਰੀ (ਅਖੌਤੀ) ਵੱਲ ਜੋ ਬੀਤ ਗਈ ਹੈ, ਕਲੀਸਿਯਾ ਦੇ ਮੈਂਬਰਾਂ ਦਾ ਇੱਕ ਬਦਬੂਦਾਰ ਝੁੰਡ ਹੈ ਜੋ ਪਰਮੇਸ਼ੁਰ ਬਾਰੇ ਇਸ ਤੋਂ ਵੱਧ ਨਹੀਂ ਜਾਣਦਾ ਜਿੰਨਾ ਕਿ ਇੱਕ ਅਫਰੀਕਣ ਆਦੀਵਾਸੀ ਇੱਕ ਮਿਸਰੀ ਜੋਧੇ ਬਾਰੇ ਜਾਣਦਾ ਹੋਵੇਗਾ। ਠੀਕ ਹੈ। ਉਹ, ਉਹਨਾਂ ਨੂੰ ਪਰਮੇਸ਼ੁਰ ਦੇ ਵਚਨ ਬਾਰੇ ਦੱਸਣਗੇ, ਉਹ ਕਹਿੰਦੇ ਹਨ, "ਮੈਂ ਇਸ ਵਿੱਚ ਵਿਸ਼ਵਾਸ ਨਹੀਂ ਕਰਦਾ।" ਕਹਿਣਗੇ, "ਮੈਨੂੰ ਪਰਵਾਹ ਨਹੀਂ ਹੈ ਕਿ ਤੁਸੀਂ ਕੀ ਕਹਿੰਦੇ ਹੋ, ਮੈਂ ਇਸ ਤੇ ਵਿਸ਼ਵਾਸ ਨਹੀਂ ਕਰਦਾ ਹਾਂ।" ਸਮਝੇ? ਸਮਝੇ? ਇਸ ਵੱਲ ਇਸ਼ਾਰਾ ਕਰਨਾ ਇੱਕ ਭਿਆਨਕ ਗੱਲ ਹੈ, ਸਾਰੇ ਤਣਾਅ ਅਤੇ ਸੰਘਰਸ਼ ਅਤੇ ਸਾਨੂੰ ਜੋ ਕੁਝ ਵੀ ਮਿਲਿਆ ਹੈ।

144 ਸ਼ਾਇਦ ਅਸੀਂ ਇੱਕ ਵੱਡੇ ਸਕੂਲ ਵੱਲ ਇਸ਼ਾਰਾ ਕਰ ਸਕਦੇ ਹਾਂ, ਪਰ ਇਹ ਮਰਿਆ ਹੋਇਆ ਹੈ। ਅਸੀਂ ਕਿਸੇ ਸੰਸਥਾ ਵੱਲ ਇਸ਼ਾਰਾ ਕਰ ਸਕਦੇ ਹਾਂ, ਪਰ ਇਹ ਮਰ ਚੁੱਕੀ ਹੈ। ਇਹ ਬਦਬੂਦਾਰ ਹੈ। ਇਹ ਬਿਲਕੁਲ ਪਹਿਲੀ ਚੀਜ਼ ਵਾਂਗ ਹੈ ਜਿਸ ਤੋਂ ਸਾਨੂੰ ਬਾਹਰ ਕੱਢਿਆ ਗਿਆ ਸੀ। "ਜਿਵੇਂ ਇੱਕ ਸੂਰ

ਆਪਣੇ ਚਿੱਕੜ ਵੱਲ, ਅਤੇ ਇੱਕ ਕੁੱਤਾ ਆਪਣੀ ਉਲਟੀ ਵੱਲ ਜਾਂਦਾ ਹੈ," ਜਦੋਂ ਅਸੀਂ ਪਿੱਛੇ ਮੁੜਦੇ ਹਾਂ। ਇੱਕ ਮਰਿਆ ਹੋਇਆ ਮਿਸਰੀ।

145 ਕੋਈ ਸ਼ੱਕ ਨਹੀਂ ਪਰ ਕਿਸੇ ਨੇ ਕਿਹਾ, "ਮੂਸਾ, ਠੀਕ ਹੈ, ਕੀ ਹੁਣ ਤੁਹਾਡੇ ਕੋਲ ਲੋਕਾਂ ਲਈ ਕੋਈ ਜਜ਼ਬਾਤ ਨਹੀਂ ਰਹੇ? ਤੁਹਾਨੂੰ ਅਜਿਹਾ ਕਰਨ ਲਈ ਬੁਲਾਇਆ ਗਿਆ ਸੀ।" ਕੋਈ ਜੋ ਮੂਸਾ ਨੂੰ ਜਾਣਦਾ ਸੀ, ਅਤੇ ਜਾਣਦਾ ਸੀ ਕਿ ਉਸਨੂੰ ਇਸ ਲਈ ਬੁਲਾਇਆ ਗਿਆ ਸੀ। "ਅਤੇ ਨਹੀਂ…ਤੁਸੀਂ ਲੋਕਾਂ ਦੇ ਜਜ਼ਬੇ ਨੂੰ ਗੁਆ ਦਿੱਤਾ ਹੈ?"

"ਨਹੀਂ, ਸ਼੍ਰੀ ਮਾਨ।"

146 "ਖੈਰ, ਤੁਸੀਂ ਬਾਹਰ ਜਾ ਕੇ, ਉੱਥੇ, *ਇਹ* ਕਿਉਂ ਨਹੀਂ ਕਰ ਰਹੇ ਹੋ? ਅਤੇ ਤੁਸੀਂ ਇੱਥੇ ਜਾ ਕੇ, ਇਹ *ਕੋਸ਼ਿਸ਼* ਕਿਉਂ ਨਹੀਂ ਕਰਦੇ? ਅਤੇ ਤੁਸੀਂ ਉਨ੍ਹਾਂ ਬਾਕੀ ਲੋਕਾਂ ਦੇ ਨਾਲ ਕਿਉਂ ਨਹੀਂ ਜਾਂਦੇ?"

147 ਉੱਥੇ ਮੂਸਾ ਨੂੰ ਖਾਲੀ ਕੀਤਾ ਜਾ ਰਿਹਾ ਸੀ, ਜਦੋਂ ਤੱਕ ਉਸਨੂੰ ਬਲਦੀ ਝਾੜੀ ਦਾ ਅਨੁਭਵ ਨਹੀਂ ਹੋਇਆ, ਜਿਸ ਨੇ ਵਚਨ ਦਾ ਐਲਾਨ ਕੀਤਾ। "ਮੈਂ ਅਬਰਾਹਾਮ, ਇਸਹਾਕ ਅਤੇ ਯਾਕੂਬ ਦਾ ਪਰਮੇਸ਼ੁਰ ਹਾਂ। ਅਤੇ ਮੈਨੂੰ ਆਪਣਾ ਵਾਅਦਾ ਯਾਦ ਹੈ। ਅਤੇ ਮੈਂ ਉਨ੍ਹਾਂ ਨੂੰ ਛੁਡਾਉਣ ਲਈ ਹੇਠਾਂ ਆਇਆ ਹਾਂ। ਮੈਂ ਤੁਹਾਨੂੰ ਇਹ ਕਰਨ ਲਈ ਭੇਜ ਰਿਹਾ ਹਾਂ।" ਇਹ ਸੀ।

148 ਉਸਨੇ ਵਚਨ ਨੂੰ ਦੇਖਿਆ, ਨਾ ਕਿ ਲੋਕਾਂ ਦੀਆਂ ਅਭਿਲਾਸ਼ਾਵਾਂ ਜਾਂ ਲੋਕਾਂ ਦੀਆਂ ਇੱਛਾਵਾਂ। ਫਿਰ ਉਹ ਕੀ ਬਣ ਗਿਆ? ਉਹ ਹੋਰ ਮਿਸਰੀਆਂ ਦਾ ਸਾਹਮਣਾ ਨਹੀਂ ਕਰਨਾ ਚਾਹੁੰਦਾ ਸੀ। ਉਹ ਇਸ ਗੱਲ ਦਾ ਹੋਰ ਸਾਹਮਣਾ ਨਹੀਂ ਕਰਨਾ ਚਾਹੁੰਦਾ ਸੀ। ਪਰ ਉਹ ਕੈਦੀ ਬਣ ਗਿਆ। ਆਮੀਨ। ਚਾਲੀ ਸਾਲ ਭੱਜਦੇ ਹੋਏ, ਖਾਲੀ ਹੁੰਦਾ ਰਿਹਾ, ਪਰ ਫਿਰ ਉਹ ਕੈਦੀ ਬਣ ਗਿਆ, ਬਲਦੀ ਝਾੜੀ ਦੇ ਕੋਲ, ਤਾਕਤਵਰ ਮੂਸਾ ਆਪਣੀ ਸਾਰੀ ਬੁੱਧੀ ਨਾਲ। ਬਾਈਬਲ ਕਹਿੰਦੀ ਹੈ ਕਿ ਮੂਸਾ ਮਿਸਰ ਵਿੱਚ ਵਚਨ ਜਾਂ ਅਮਲ ਵਿੱਚ, ਇੱਕ ਸ਼ਕਤੀਸ਼ਾਲੀ ਆਦਮੀ ਸੀ।

149 ਪਰ ਦੇਖੋ ਸ਼ਕਤੀਸ਼ਾਲੀ ਧਰਮ ਸ਼ਾਸਤਰੀ ਨੇ ਬਲਦੀ ਝਾੜੀ ਦੀ ਹਜ਼ੂਰੀ ਵਿੱਚ ਕੀ ਕੀਤਾ। ਉਸਨੇ ਸਿਰਫ ਆਪਣੀ ਅਸਮਰੱਥਾ ਦਾ ਇਕਬਾਲ ਕੀਤਾ। ਜਦੋਂ ਉਸਨੇ ਪਰਮੇਸ਼ੁਰ ਦੇ ਅਸਲ ਮਕਸਦ ਨੂੰ ਦੇਖਿਆ, ਉਸਨੇ ਕਬੂਲ ਕੀਤਾ ਕਿ ਉਹ ਅਜਿਹਾ ਕਰਨ ਵਿੱਚ ਅਸਮਰੱਥ ਸੀ। ਭਾਵੇਂ, ਉਸਨੂੰ ਸਾਰੇ ਧਰਮ ਸ਼ਾਸਤਰਾਂ ਵਿੱਚ ਸਿਖਲਾਈ ਦਿੱਤੀ ਗਈ ਸੀ ਜੋ ਉਹ ਉਸਨੂੰ ਦੇ ਸਕਦੇ ਸਨ, ਉਹਨਾਂ ਦੇ ਸਭ ਤੋਂ ਵਧੀਆ ਸਕੂਲ ਵਿੱਚ ਸਿਖਲਾਈ ਦਿੱਤੀ ਗਈ ਸੀ। ਪਰ, ਫਿਰ ਵੀ, ਉਹ ਕੀ ਕਰ ਸਕਦਾ ਸੀ ਜਦੋਂ ਉਹ…ਅੱਗ ਦਾ ਉਹ ਥੰਮ ਝਾੜੀ

ਵਿੱਚ ਸੀ? ਕਿਹਾ, "ਮੈਂ ਗੱਲ ਵੀ ਨਹੀਂ ਕਰ ਸਕਦਾ। ਉੂੰ-ਹੂੰ। ਪ੍ਰਭੂ, ਮੈਂ ਕੌਣ ਹਾਂ, ਜੋ ਮੈਂ ਜਾਵਾਂ?" ਵੇਖਿਆ?

150 "ਆਪਣੇ ਜੁੱਤੀਆਂ ਉਤਾਰ, ਮੂਸਾ। ਮੈਂ ਤੇਰੇ ਨਾਲ ਗੱਲ ਕਰਨਾ ਚਾਹੁੰਦਾ ਹਾਂ। ਆਪਣੇ ਆਪ ਨੂੰ ਨੰਗਾ ਕਰ, ਇੱਥੋਂ ਤੱਕ ਕਿ ਆਪਣੀਆਂ ਜੁੱਤੀਆਂ ਵੀ ਲਾਹ ਦੇ। ਤੂੰ—ਤੂੰ ਦੁਬਾਰਾ ਪੱਧਰੀ ਜ਼ਮੀਨ ਤੇ ਹੈਂ। ਮੈਂ ਤੇਰੇ ਨਾਲ ਗੱਲ ਕਰਨੀ ਚਾਹੁੰਦਾ ਹਾਂ।"

151 ਗੱਲ ਵੀ ਨਹੀਂ ਕਰ ਸਕਦਾ ਸੀ। ਅੰਤ ਵਿੱਚ, ਇੱਕ ਚੁਣਿਆ ਹੋਇਆ ਕੈਦੀ, ਇੱਕ ਚੁਣਿਆ ਹੋਇਆ ਨਬੀ, ਜਿਵੇਂ ਪੌਲੁਸ ਚੁਣਿਆ ਗਿਆ ਸੀ। ਮੂਸਾ ਚੁਣਿਆ ਗਿਆ ਸੀ, ਮੁਕਤੀਦਾਤਾ। ਅਤੇ ਫਿਰ, ਅੰਤ ਵਿੱਚ, ਪਰਮੇਸ਼ੁਰ ਨੇ ਉਸਦੇ ਚੁਣੇ ਹੋਏ ਪਾਤਰ ਨੂੰ ਇੱਕ ਕੈਦੀ ਬਣਾਇਆ ਸੀ। ਔਹ, ਹਲਲੂਯਾਹ! ਉਹ ਸਿਰਫ਼ ਉਸੇ ਤਰ੍ਹਾਂ ਚੱਲ ਸਕਦਾ ਸੀ ਜਿਵੇਂ ਪਰਮੇਸ਼ੁਰ ਦਾ ਵਚਨ ਨੇ ਉਸਨੂੰ ਪ੍ਰੇਰਿਤ ਕਰਦਾ ਸੀ। "ਮੈਂ ਕੀ ਆਖਾਂਗਾ ਕਿ ਕਿਸਨੇ ਮੈਨੂੰ ਭੇਜਿਆ ਹੈ?"

"ਮੈਂ ਹਾਂ।"

"ਮੈਂ ਕਿਵੇਂ ਕਰਾਂਗਾ?"

"ਮੈਂ ਤੇਰੇ ਨਾਲ ਰਹਾਂਗਾ।"

152 "ਹਾਂ, ਪ੍ਰਭੂ, ਜਿਵੇਂ ਤੁਸੀਂ ਕਹਿੰਦੇ ਹੋ। ਮੈਂ ਆਉਂਦਾ ਹਾਂ।" ਔਹ, ਮੇਰੇ! ਉਹ, ਉਹ ਇੱਕ ਕੈਦੀ ਹੈ।

153 ਉਹ ਆਪਣੀ ਵਧੀਆ ਸੋਚ ਦੇ ਵਿਰੁੱਧ ਜਾਂਦਾ ਹੈ। ਹੁਣ, ਉਸਨੂੰ ਫੌਜ ਦਾ ਨਿਰਦੇਸ਼ ਕਰਨ ਦੀ ਸਿਖਲਾਈ ਦਿੱਤੀ ਗਈ ਸੀ। "ਤਲਵਾਰਾਂ, ਉੱਪਰ! ਚਿਹਰੇ-ਬਰਾਬਰ!" ਜਾਣ ਲਈ ਸਿਖਲਾਈ ਦਿੱਤੀ ਗਈ ਸੀ, "ਰੱਥ, ਸਭ ਕ੍ਰਮ ਵਿੱਚ! ਬਰਛੇ, ਅੱਗੇ! ਹਮਲਾ ਕਰੋ!" ਇਸ ਤਰ੍ਹਾਂ ਉਹ ਇਸ ਤੇ ਕਬਜਾ ਕਰਨ ਜਾ ਰਿਹਾ ਸੀ। ਇਹ ਉਸ ਦੀ ਸਿਖਲਾਈ ਸੀ।

ਪਰ ਉਸਨੇ ਕਿਹਾ, "ਮੈਂ ਕੀ ਵਰਤਣ ਜਾ ਰਿਹਾ ਹਾਂ?"

ਕਿਹਾ, "ਤੇਰੇ ਹੱਥ ਵਿੱਚ ਕੀ ਹੈ?"

154 "ਇੱਕ ਸੋਟੀ।" ਪਰਮੇਸ਼ੁਰ ਕਦੇ-ਕਦੇ ਮਨੁੱਖੀ ਦਿਮਾਗ ਲਈ ਬਹੁਤ, ਬੇਤੁਕੀਆਂ ਚੀਜ਼ਾਂ ਕਰਦਾ ਹੈ। ਸਮਝੇ? ਹੱਥ ਵਿੱਚ ਸੋਟੀ ਫੜੀ। ਹੇਠਾਂ ਲਟਕਦੀਆਂ ਮੁੱਛਾਂ। ਅੱਸੀ ਸਾਲਾਂ ਦਾ। ਖੱਚਰ ਉੱਤੇ ਉਸਦੀ ਪਤਨੀ; ਬੱਚਾ ਉਸਦੀ ਕਮਰ ਤੇ ਬੈਠਾ ਹੋਇਆ ਹੈ। ਨਿੱਕੀਆਂ, ਬੁੱਢੀਆਂ ਢਿੱਲੀਆਂ ਬਾਹਾਂ ਹੇਠਾਂ ਲਟਕ ਰਹੀਆਂ ਹਨ; ਇੱਕ ਸੋਟੀ। ਬਸ ਉਸਦਾ ਸਿਰ ਉੱਪਰ ਸੀ,

ਕਿਉਂਕਿ ਉਸ ਕੋਲ ਯਹੋਵਾਹ ਐਉਂ ਫ਼ਰਮਾਉਂਦਾ ਹੈ ਸੀ। ਕਿਉਂ? ਆਖਰਕਾਰ ਉਸ ਨੂੰ ਲੰਗਰ ਪੈ ਗਿਆ ਸੀ।

155 ਉਹ ਇੱਕ ਕੈਦੀ ਸੀ। "ਮੈਂ ਸਿਰਫ਼ ਉਦੋਂ ਹੀ ਹਿੱਲਾਂਗਾ ਜਦੋਂ ਵਚਨ ਮੈਨੂੰ ਪ੍ਰੇਰਿਤ ਕਰੇਗਾ। ਮੈਂ ਸਿਰਫ਼ ਉੱਥੇ ਹੀ ਬੋਲਾਂਗਾ ਜਿੱਥੇ ਵਚਨ ਬੋਲਦਾ ਹੈ।"

"ਤੂੰ ਕਿਥੇ ਜਾ ਰਿਹਾ ਹੈਂ?"

156 "ਮੈਨੂੰ ਇੱਕ ਹੁਕਮ ਮਿਲਿਆ ਹੈ: ਫ਼ਿਰਊਨ ਦੇ ਸਾਮ੍ਹਣੇ ਖੜੇ ਹੋਣਾ ਅਤੇ ਉਸਨੂੰ ਇਸ ਸੋਟੀ ਦੁਆਰਾ ਦਿਖਾਓਣਾ ਕਿ ਪਰਮੇਸ਼ੁਰ ਨੇ ਮੈਨੂੰ ਭੇਜਿਆ ਹੈ।" ਆਮੀਨ।

"ਉਸ ਤੋਂ ਬਾਅਦ ਤੁਸੀਂ ਕੀ ਕਰੋਗੇ?"

"ਮੇਰੇ ਇਹ ਕਰਨ ਤੋਂ ਬਾਅਦ, ਉਹ ਅਗਲੀ ਚੀਜ਼ ਪ੍ਰਦਾਨ ਕਰੇਗਾ।"

157 ਉਥੇ ਤੁਸੀਂ ਹੋ। ਤੁਹਾਡੇ ਕੋਲ ਸਿਰਫ਼ ਇੱਕ ਕੰਮ ਹੈ, ਪਹਿਲਾ ਕਦਮ, ਅੱਜ ਰਾਤ: ਸਮਰਪਣ ਕਰੋ, ਇੱਕ ਕੈਦੀ ਬਣੋ। ਆਪਣੇ ਬਾਰੇ ਜਾਂ ਕਿਸੇ ਹੋਰ ਚੀਜ਼ ਬਾਰੇ ਨਾ ਸੋਚੋ। ਕੈਦੀ ਬਣ ਜਾਓ।

158 ਮੂਸਾ ਇੱਕ ਕੈਦੀ ਬਣ ਗਿਆ, ਕਬੂਲ ਕੀਤਾ ਕਿ ਉਹ ਗੱਲ ਵੀ ਨਹੀਂ ਕਰ ਸਕਦਾ ਸੀ। ਅੰਤ ਵਿੱਚ, ਜਦੋਂ ਪਰਮੇਸ਼ੁਰ ਨੇ ਉਸਨੂੰ ਆਪਣੇ ਹੱਥ ਵਿੱਚ ਲੈ ਲਿਆ, ਜਿੱਥੇ ਉਹ ਸਿਰਫ ਉਧਰ ਜਾ ਸਕਦਾ ਸੀ ਜਿੱਥੇ ਪਰਮੇਸ਼ੁਰ ਉਸਨੂੰ ਲਿਜਾਂਦਾ ਸੀ। ਜਿੱਥੇ, ਉਸਨੇ ਉਸਨੂੰ ਵਚਨ ਦੱਸਿਆ। ਉਹ ਜਾਣਦਾ ਸੀ ਕਿ ਇਹ ਵਚਨ ਸੀ, ਫਿਰ ਉਸਨੇ ਆਪਣੇ ਆਪ ਨੂੰ ਵਚਨ ਦੇ ਅਧੀਨ ਕਰ ਦਿੱਤਾ। ਅਤੇ ਉੱਥੇ ਪਵਿੱਤਰ ਆਤਮਾ, ਪਰਮੇਸ਼ੁਰ ਨੇ, ਮੂਸਾ ਨੂੰ ਪਰਮੇਸ਼ੁਰ ਦੀ ਇੱਛਾ ਨਾਲ ਜੋੜ ਦਿੱਤਾ।

159 ਇਹ ਉਹੀ ਕੰਮ ਹੈ ਜੋ ਉਸਨੇ ਪੌਲੁਸ ਨਾਲ ਕੀਤਾ। ਇਹ ਸਹੀ ਹੈ? ਉਸਨੇ ਪੌਲੁਸ ਨੂੰ ਜੋੜ ਦਿੱਤਾ; ਨਿੱਕਾ ਜਿਹਾ, ਟੇਢੀ-ਨੱਕ ਵਾਲਾ, ਵਿਅੰਗਾਤਮਕ ਯਹੂਦੀ, ਔਹ, ਪੀਐਚ.ਡੀ. ਅਤੇ ਐਲ.ਐਲ.ਡੀ. ਉਸ ਦੇ ਉੱਪਰ ਲਿਖਿਆ ਹੋਇਆ ਸੀ। ਪਰ ਉਸਨੇ ਕਿਹਾ, "ਮੈਂ ਉਸਨੂੰ ਦਿਖਾਉਣ ਜਾ ਰਿਹਾ ਹਾਂ ਕਿ ਉਹ ਵਚਨ ਦੀ ਖ਼ਾਤਰ ਕੀ ਦੁੱਖ ਝੱਲੇਗਾ।" ਸਮਝੇ? ਅਤੇ ਉਹ…

160 ਅਤੇ ਪੌਲੁਸ ਨੇ ਉੱਥੇ ਬੈਠ ਕੇ ਵਚਨ ਨੂੰ ਵੇਖਿਆ, ਅਤੇ ਵੇਖਿਆ ਕਿ ਉਹ ਯਿਸੂ ਸੀ, ਫਿਰ ਉਸ ਨੇ ਆਪਣੇ ਹੱਥ ਖੜ੍ਹੇ ਕੀਤੇ ਅਤੇ ਉਸ ਨਾਲ ਜੁੜ ਗਿਆ। ਪਰਮੇਸ਼ੁਰ ਦੇ ਪ੍ਰੇਮ ਨੇ ਉਸ ਨੂੰ ਵਚਨ ਨਾਲ ਜੋੜਿਆ। "ਉਹ ਪਰਾਈਆਂ ਕੌਮਾਂ ਦੇ ਕੋਲ ਮੇਰਾ ਨਾਮ ਲੈ ਜਾਵੇਗਾ।" ਉਹ ਚਲਾ ਗਿਆ।

161 "ਮੂਸਾ, ਮੈਂ ਤੇਰੇ ਪਿਉ ਦਾਦਿਆਂ ਦਾ ਪਰਮੇਸ਼ੁਰ ਹਾਂ। ਮੈਂ ਅਬਰਾਹਾਮ, ਇਸਹਾਕ ਅਤੇ ਯਾਕੂਬ ਦਾ ਪਰਮੇਸ਼ੁਰ ਹਾਂ। ਮੈਨੂੰ ਯਾਦ ਹੈ ਕਿ ਮੈਂ ਉਨ੍ਹਾਂ ਨਾਲ ਵਾਅਦਾ ਕੀਤਾ ਸੀ, ਅਤੇ ਵਾਅਦੇ ਦਾ ਸਮਾਂ ਨੇੜੇ ਹੈ। ਅਤੇ ਮੈਂ ਆਪਣੇ ਲੋਕਾਂ ਦੇ ਦੁੱਖਾਂ ਨੂੰ ਦੇਖਦਾ ਹਾਂ। ਮੈਨੂੰ ਆਪਣਾ ਵਾਅਦਾ ਯਾਦ ਹੈ। ਅਤੇ ਮੈਂ ਤੈਨੂੰ ਵਰਤਣ ਲਈ ਹੇਠਾਂ ਆਇਆ ਹਾਂ। ਤੂੰ ਜਾਣਦਾ ਹੈਂ ਕਿ ਵਚਨ ਨੇ ਕੀ ਕਿਹਾ ਹੈ। ਮੈਂ ਤੈਨੂੰ ਉੱਥੇ ਹੇਠਾਂ ਜਾਣ ਲਈ ਜੋਇਆ ਹੈ, ਤੈਨੂੰ ਸ਼ਕਤੀ ਨਾਲ ਵਰਤਿਆ ਹੈ, ਉੱਥੇ ਜਾ ਕੇ ਮੇਰੇ ਲੋਕਾਂ ਨੂੰ ਬਚਾਉਣ ਲਈ। ਅਤੇ ਉਹ ਸੋਟੀ ਆਪਣੇ ਹੱਥ ਵਿੱਚ ਲੈ, ਇੱਕ ਗਵਾਹ ਵਜੋਂ, ਕਿਉਂਕਿ ਤੂੰ ਇਸ ਦੁਆਰਾ ਇੱਕ ਚਮਤਕਾਰ ਦੇਖਿਆ ਹੈ।" ਜਿਵੇਂ ਦਾਊਦ, ਗੋਪੀਏ ਦੇ ਨਾਲ। ਸਮਝੇ?

162 ਆਪਣੇ ਆਪ ਨੂੰ, ਜੋਇਆ, ਅਤੇ ਉਹ ਹੇਠਾਂ ਚਲਾ ਗਿਆ। ਆਖਰਕਾਰ, ਪਰਮੇਸ਼ੁਰ ਕੋਲ ਇੱਕ ਆਦਮੀ ਸੀ ਜੋ ਉਸ ਦੇ ਅਧੀਨ ਸੀ, ਉਸ ਦੇ ਨਾਲ ਜੋਇਆ ਹੋਇਆ ਸੀ, ਅਤੇ ਉਦੋਂ ਤੱਕ ਹਿੱਲ ਨਹੀਂ ਸਕਦਾ ਸੀ ਜਦੋਂ ਤੱਕ ਪਰਮੇਸ਼ੁਰ ਦਾ ਬਚਨ ਉਸਨੂੰ ਪ੍ਰੇਰਿਤ ਨਹੀਂ ਕਰਦਾ ਸੀ। ਜੇ ਲੋਕ ਬਸ ਅਜਿਹਾ ਕਰਦੇ, ਅੱਜ! ਫਿਰ, ਉਹ ਉਸਦਾ ਕੈਦੀ ਸੀ, ਪ੍ਰੇਮ ਦਾ ਕੈਦੀ, ਪ੍ਰੇਮ ਦੇ ਬੰਧਨ ਵਿੱਚ ਜੋਇਆ ਹੋਇਆ ਸੀ, ਪਰਮੇਸ਼ੁਰ ਦੇ ਨਾਲ—ਨਾਲ, ਜਿਵੇਂ ਪੌਲੁਸ ਪਰਮੇਸ਼ੁਰ ਨਾਲ ਪ੍ਰੇਮ ਦੇ ਬੰਧਨ ਵਿੱਚ ਜੋਇਆ ਹੋਇਆ ਸੀ।

163 ਪੌਲੁਸ ਵਾਂਗ, ਦੋਵਾਂ ਨੂੰ ਉਸੇ ਤਰ੍ਹਾਂ ਸਿਖਲਾਈ ਦਿੱਤੀ ਗਈ ਸੀ। ਮੂਸਾ ਨੇ ਸਿਖਲਾਈ ਲਈ, ਤੁਸੀਂ ਜਾਣਦੇ ਹੋ, ਫੌਜੀ ਸ਼ਕਤੀ ਦੁਆਰਾ ਇਸਰਾਇਲ ਦੇ ਬੱਚਿਆਂ ਨੂੰ ਬਚਾਉਣ ਲਈ। ਪੌਲੁਸ ਨੇ ਉਨ੍ਹਾਂ ਨੂੰ ਰੋਮੀਆਂ ਦੇ ਹੱਥੋਂ ਖੋਹਣ ਅਤੇ ਆਜ਼ਾਦ ਕਰਨ ਦੀ ਸਿਖਲਾਈ ਲਈ, ਉਸ ਦਿਨ ਸੰਸਾਰ ਵਿੱਚ ਉਸਦੀ ਮਹਾਨ ਕਲਿਸਿਆਈ ਸ਼ਕਤੀ ਦੁਆਰਾ। ਸਿਖਲਾਈ ਦੇ ਮਹਾਨ ਸਕੂਲ, ਗਮਲੀਏਲ ਦੇ ਅਧੀਨ ਆਉਂਦੇ ਹਨ।

164 ਅਤੇ ਉਹ ਦੋਵੇਂ ਮਾਰੂਥਲ ਵਿੱਚ ਚਲੇ ਗਏ, ਊਂ-ਹੂੰ; ਬਦਲੇ ਹੋਏ ਆਦਮੀ ਵਾਪਸ ਆਏ। ਦੋਹਾਂ ਨੇ ਅੱਗ ਦਾ ਥੰਮ੍ਹ ਦੇਖਿਆ। ਅਤੇ ਉਹ ਦੋਵੇਂ ਨਬੀ ਸਨ। ਇਹ ਸਹੀ ਹੈ? ਉਹ ਦੋਵੇਂ, ਨਬੀ। ਅਤੇ ਉਨ੍ਹਾਂ ਦੋਵਾਂ ਨਾਲ ਅੱਗ ਦੇ ਥੰਮ੍ਹ ਦੁਆਰਾ ਗੱਲ ਕੀਤੀ ਗਈ ਸੀ, ਇਹ ਬਿਲਕੁਲ ਸਹੀ ਹੈ, ਇੱਕ ਮੁਕਤੀਦਾਤਾ ਲਈ ਆ ਰਿਹਾ ਹੈ। ਉੱਥੇ ਉਹ ਸਨ; ਇੱਕ ਮਾਰੂਥਲ ਵਿੱਚ ਚਲੇ ਗਏ। ਆਪਣੇ ਘਰ ਛੱਡ ਦਿੱਤੇ ਅਤੇ ਰੇਗਿਸਤਾਨ ਵਿੱਚ ਚਲੇ ਗਏ, ਪਤਾ ਕਰਨ ਲਈ। ਆਪਣੇ ਲੋਕ ਅਤੇ ਸਭ ਕੁਝ ਛੱਡ ਦਿੱਤਾ, ਪਰਮੇਸ਼ੁਰ ਦੀ ਇੱਛਾ ਨੂੰ ਲੱਭਣ ਲਈ। ਵੇਖਿਆ?

165 ਉਨ੍ਹਾਂ ਨੂੰ ਇੱਕੋ ਤਰੀਕੇ ਨਾਲ ਸਿਖਲਾਈ ਦਿੱਤੀ ਗਈ ਸੀ; ਪਰਮੇਸ਼ੁਰ ਨੇ ਉਨ੍ਹਾਂ ਨੂੰ ਕਿਸੇ ਹੋਰ ਵਿੱਚ ਬਦਲ ਦਿੱਤਾ। ਅਤੇ ਉਹਨਾਂ ਨੂੰ ਪੂਰਨ ਕੈਦੀ ਬਣਨਾ ਪਿਆ, ਉਸ ਤਰੀਕੇ ਨਾਲ ਕੰਮ ਕਰਨ ਲਈ ਨਹੀਂ ਜਿਸ ਤਰ੍ਹਾਂ ਉਹ ਕੰਮ ਕਰਨਾ ਚਾਹੁੰਦੇ ਸਨ, ਪਰ ਉਸ ਤਰੀਕੇ ਨਾਲ ਕੰਮ ਕਰਨ ਲਈ ਜਿਸ ਤਰ੍ਹਾਂ ਪਰਮੇਸ਼ੁਰ ਚਾਹੁੰਦਾ ਸੀ ਕਿ ਉਹ ਕੰਮ ਕਰਨ। ਉਹ ਕੱਲ੍ਹ, ਅੱਜ, ਅਤੇ ਸਦਾ ਲਈ ਇੱਕੋ ਜਿਹਾ ਹੈ।

166 ਕੀ ਸਾਡੇ ਕੋਲ ਹੋਰ ਦਸ ਮਿੰਟ ਹਨ, ਇਹ ਬਣਾਉਣ ਲਈ?

167 ਮੈਂ ਅਸਲ ਤੇਜ਼ੀ ਨਾਲ ਕਿਸੇ ਹੋਰ ਕਿਰਦਾਰ ਵੱਲ ਆਵਾਂਗਾ। ਹੁਣ ਮੈਂ ਆਪਣੇ ਸਾਹਮਣੇ ਇੱਕ ਨੂੰ ਵੇਖ ਰਿਹਾ ਹਾਂ। ਉਸਦਾ ਨਾਮ ਯੂਸੁਫ਼ ਹੈ। ਉਹ ਇਕ ਚੁਣਿਆ ਪੁੱਤਰ ਸੀ।ਉਹ ਯਿਸੂ ਮਸੀਹ ਦੀ ਇੱਕ ਸੰਪੂਰਣ ਨਮੂਨਾ ਸੀ। ਉਹ ਇੱਕ ਨਬੀ ਪੈਦਾ ਹੋਇਆ ਸੀ। ਉਹ ਇੱਕ ਨਬੀ ਵੀ ਸੀ। ਸਮਝੇ? ਅਤੇ ਹੁਣ ਉਹ ਦਰਸ਼ਣ ਦੇਖ ਸਕਦਾ ਸੀ। ਜਦੋਂ ਉਹ ਅਜੇ ਇੱਕ ਛੋਟਾ ਮੁੰਡਾ ਹੀ ਸੀ, ਤਾਂ ਉਸਨੇ ਆਪਣੇ ਆਪ ਨੂੰ ਤਖਤ ਤੇ ਬੈਠਾ ਵੇਖਿਆ, ਅਤੇ ਉਸਦੇ ਭਰਾ ਉਸ ਨੂੰ ਮੱਥਾ ਟੇਕ ਰਹੇ ਸਨ। ਸਮਝੇ? ਪਰ ਦੇਖੋ। ਉਹ ਬਣ ਗਿਆ…ਉਸ ਨੂੰ ਮਹਿਸੂਸ ਹੋਇਆ ਜਿਵੇਂ ਉਹ ਇਕ ਮਹਾਨ ਲੜਕਾ ਸੀ। ਸਮਝੇ? ਉਹ ਸਾਰੇ…

168 ਪਰ ਪਰਮੇਸ਼ੁਰ ਨੂੰ ਕੀ ਕਰਨਾ ਪਿਆ? ਉਸਨੇ ਉਹੀ ਕੰਮ ਕੀਤਾ ਜੋ ਉਸਨੇ ਉਨ੍ਹਾਂ ਸਾਰਿਆਂ ਨਾਲ ਕੀਤਾ ਸੀ। ਕਿਉਂਕਿ, ਮੂਸਾ ਇਕ ਛੁਟਕਾਰਾ ਦੇਣ ਵਾਲਾ ਸੀ, ਪੌਲੁਸ ਇਕ ਛੁਟਕਾਰਾ ਦੇਣ ਵਾਲਾ ਸੀ, ਅਤੇ ਹੁਣ ਯੂਸੁਫ਼ ਇਕ ਛੁਟਕਾਰਾ ਦੇਣ ਵਾਲਾ ਸੀ। ਉਸਨੇ ਆਪਣੇ ਲੋਕਾਂ ਨੂੰ ਅਕਾਲ ਤੋਂ ਬਚਾਇਆ।

169 ਪਰਮੇਸ਼ੁਰ ਨੂੰ ਉਸ ਨਾਲ ਕੀ ਕਰਨਾ ਪਿਆ? ਉਸਨੂੰ ਕੈਦ ਵਿੱਚ ਰੱਖਿਆ, ਉਸਨੂੰ ਸਿੱਧਾ ਕੈਦ ਵੱਲ ਲੈ ਗਿਆ। ਹਾਂ, ਸ਼੍ਰੀਮਾਨ। ਯਾਦ ਰੱਖੋ, ਉਹ ਆਪਣੇ ਭਰਾਵਾਂ ਦੁਆਰਾ, ਕਿਸੇ ਮਿਸਰੀ ਨੂੰ ਵੇਚਿਆ ਗਿਆ ਸੀ। ਅਤੇ ਉਨ੍ਹਾਂ ਨੇ ਉਸਨੂੰ ਪੋਟੀਫ਼ਰ ਨੂੰ ਵੇਚ ਦਿੱਤਾ। ਅਤੇ ਪੋਟੀਫ਼ਰ ਨੇ ਉਸ ਨੂੰ ਥੋੜ੍ਹੀ ਜਿਹੀ ਆਜ਼ਾਦੀ ਦਿੱਤੀ, ਅਤੇ, ਸਭ ਤੋਂ ਪਹਿਲੀ ਚੀਜ ਜੋ ਤੁਸੀਂ ਜਾਣਦੇ ਹੋ, ਉਹੀ ਉਸ ਤੋਂ ਖੋਹ ਲਈ ਗਈ। ਉਹ ਜੇਲ੍ਹ ਵਿੱਚ ਬੈਠਾ, ਰੋਂਦਾ, ਅਤੇ ਕੁਰਲਾਉਂਦਾ ਸੀ। ਪਰਮੇਸ਼ੁਰ ਨੂੰ ਇਸ ਨੂੰ ਖਾਲੀ ਕਰਨਾ ਸੀ।

170 ਹੁਣ ਧਿਆਨ ਦਿਓ। ਪਰ, ਹਰ ਸਮੇਂ, ਮੈਂ ਮੰਨਦਾ ਹਾਂ, ਉਹ, ਉਸ ਜੇਲ੍ਹ ਵਿੱਚ, ਉਹ ਯਾਦ ਕਰ ਸਕਦਾ ਸੀ ਕਿ ਦਰਸ਼ਣ ਨੇ ਕਿਹਾ ਸੀ ਕਿ ਉਹ ਤਖ਼ਤ ਤੇ ਬੈਠੇਗਾ, ਅਤੇ ਉਸਦੇ ਭਰਾ ਉਸ ਅੱਗੇ ਝੁਕਣਗੇ, ਕਿਉਂਕਿ ਉਹ ਜਾਣਦਾ ਸੀ ਕਿ ਉਸਦਾ ਦਾਨ ਪਰਮੇਸ਼ੁਰ ਵੱਲੋਂ ਹੈ। ਅਤੇ ਉਹ ਜਾਣਦਾ ਸੀ ਕਿ ਇਹ ਪੂਰਾ ਹੋਣਾ ਸੀ।

171 ਜੇ ਅਸੀਂ ਇਸ ਨੂੰ ਸਿਰਫ ਆਪਣੇ ਮਨ ਵਿਚ ਰੱਖ ਸਕਦੇ, ਅਤੇ ਪਰਮੇਸ਼ੁਰ ਦੇ ਵਚਨ ਅਨੁਸਾਰ, ਕਿ ਇਨ੍ਹਾਂ ਆਖਰੀ ਦਿਨਾਂ ਵਿਚ ਉਸ ਕੋਲ ਇਕ ਕਲੀਸਿਯਾ ਹੋਵੇਗੀ, ਉਸ ਕੋਲ ਕੁਝ ਲੋਕ ਹੋਣਗੇ। ਅਤੇ ਇਹ ਚੀਜ਼ਾਂ ਜਿਨ੍ਹਾਂ ਦਾ ਉਸਨੇ ਵਾਅਦਾ ਕੀਤਾ ਸੀ, ਉਹ ਉਨ੍ਹਾਂ ਨੂੰ ਕਰਨ ਜਾ ਰਿਹਾ ਹੈ। ਉਸਨੇ ਕਿਹਾ ਕਿ ਉਹ ਕਰੇਗਾ, ਅਤੇ ਅਸੀਂ ਸਮੇਂ ਵਿੱਚ ਰਹਿ ਰਹੇ ਹਾਂ। ਅਸੀਂ ਉੱਥੇ ਹਾਂ। ਉਹ ਹੁਣ ਸਾਨੂੰ ਅਸਲ ਕੈਦੀ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ, ਉਸਦੇ ਨਾਲ ਅੰਦਰ ਬੰਦ।

172 ਤੁਸੀਂ ਉਹ ਪੁਰਾਣਾ ਗੀਤ ਸੁਣਿਆ ਜੋ ਤੁਸੀਂ ਗਾਉਂਦੇ ਹੋ, "ਅਤੇ ਫਿਰ ਮੈਂ ਪਰਮੇਸ਼ੁਰ ਨਾਲ ਅੰਦਰ-ਬੰਦ ਹੋ ਗਿਆ ਹਾਂ? ਮੈਂ ਪਰਮੇਸ਼ੁਰ ਨਾਲ ਅੰਦਰ ਬੰਦ ਹੋਣਾ ਚਾਹੁੰਦਾ ਹਾਂ। ਹੁਣ, ਇੱਥੇ ਹੀ ਮੈਂ ਇਸ ਬਾਰੇ ਸੋਚਿਆ ਸੀ। ਪਰਮੇਸ਼ੁਰ ਨਾਲ ਬੰਦ ਹੋਣਾ, ਹੋਰ ਕੁਝ ਵੀ ਨਹੀਂ, ਅਤੇ ਤੁਸੀਂ ਸਿਰਫ ਉਦੋਂ ਹੀ ਚੱਲਦੇ ਹੋ ਜਦੋਂ ਪਰਮੇਸ਼ੁਰ ਕਹਿੰਦਾ ਹੈ ਚੱਲੋ। ਤੁਸੀਂ ਸਿਰਫ ਉਹੀ ਕਰਦੇ ਹੋ ਜਿਵੇਂ ਪਰਮੇਸ਼ੁਰ ਕਰਨ ਲਈ ਕਹਿੰਦਾ ਹੈ, ਵੇਖੋ, ਫਿਰ ਤੁਸੀਂ ਪਰਮੇਸ਼ੁਰ ਨਾਲ ਬੰਦ ਹੋ ਗਏ ਹੋ।

173 ਹੁਣ ਯਾਦ ਕਰੋ, ਉਹ ਸੋਚ ਰਿਹਾ ਸੀ। ਉਹ ਸੰਪੂਰਣ ਅਸਫਲਤਾ ਬਣ ਗਿਆ, ਆਪਣੇ ਆਪ ਲਈ। ਉਹ ਸਭ ਜੋ ਉਹ ਜਾਣਦਾ ਸੀ, ਉਹ ਸਭ ਕੁਝ ਜੋ ਉਹ ਸਮਝਦਾ ਸੀ, ਅਤੇ ਸਭ ਕੁਝ, ਉਹ ਸੰਪੂਰਨ ਤੋਰ ਤੇ ਅਸਫਲ ਹੋ ਗਿਆ। ਇਹ ਕੰਮ ਨਹੀਂ ਆਇਆ। ਉਸ ਨੂੰ ਅਜਿਹੀ ਹਾਲਤ ਵਿੱਚ ਰੱਖਿਆ ਗਿਆ ਸੀ ਜਿੱਥੇ ਕੋਈ ਵੀ ਉਸ ਦੀ ਗੱਲ ਨਹੀਂ ਸੁਣੇਗਾ। ਉਹ ਕੈਦੀ ਸੀ। ਸਮਝੇ? ਉਸਨੂੰ ਅਜਿਹੀ ਹਾਲਤ ਵਿੱਚ ਪਾ ਦਿੱਤਾ ਗਿਆ ਸੀ, ਕਿ ਅਵਿਸ਼ਵਾਸੀ ਵਿਸ਼ਵਾਸ ਨਹੀਂ ਕਰਨਗੇ। ਕੀ ਤੁਸੀਂ ਦੇਖ ਰਹੇ ਹੋ ਮੇਰਾ ਕੀ ਮਤਲਬ ਹੈ? ਉਸ ਦੀ ਸੇਵਕਾਈ ਦਾ ਕੋਈ ਅਸਰ ਨਹੀਂ ਸੀ। ਲੋਕਾਂ ਨੇ ਆਪਣੇ ਸਿਰ ਘੁਮਾ ਲਏ। ਉਹ ਜੇਲ੍ਹ ਵਿੱਚ ਉਸ ਵੱਲ ਕੋਈ ਧਿਆਨ ਨਹੀਂ ਦੇਣਗੇ। ਉਸ ਦੇ ਸੇਵਕਾਈ ਕੀ ਭਲਾ ਕਰੇਗੀ? ਉਹ ਜੇਲ੍ਹ ਦੀਆਂ ਸਲਾਖਾਂ ਅੱਗੇ ਖੜ੍ਹਾ ਹੋ ਸਕਦਾ ਸੀ ਅਤੇ ਉਨ੍ਹਾਂ ਨੂੰ ਪ੍ਰਚਾਰ ਕਰ ਸਕਦਾ ਸੀ; ਉਹ ਗਲੀ ਵਿੱਚ ਚੱਲਦੇ ਰਹਿਣਗੇ। ਸਮਝੇ? ਪਰ ਉਹ ਕੈਦੀ ਬਣ ਜਾਂਦਾ ਹੈ। ਅਤੇ ਪਰਮੇਸ਼ੁਰ ਨੇ ਉਸਨੂੰ, ਇੱਕ ਕੈਦੀ ਰੱਖਿਆ, ਜਦ ਤੱਕ ਕਿ ਪਹੀਏ ਨੂੰ ਸਹੀ ਨਹੀਂ ਕਰ ਦਿੱਤਾ ਗਿਆ। ਕਿਹਾ, "ਇਹ ਮੇਰਾ ਆਦਮੀ ਹੈ।" ਮਹਿਮਾ! ਸੰਪੂਰਣ ਅਸਫਲ!

174 ਅੰਤ ਵਿਚ, ਪਰਮੇਸ਼ੁਰ ਉਸ ਦੀ ਕੈਦ ਵਿਚ ਉਸ ਕੋਲ ਆਇਆ। ਪੌਲੁਸ ਵਾਂਗ, ਉਨ੍ਹਾਂ ਸਾਰਿਆਂ ਵਾਂਗ, ਉਹ ਉਸ ਕੋਲ ਆਇਆ। ਅਤੇ ਉਸਨੇ ਉਸ ਦਾਨ ਨੂੰ ਵਰਤਿਆ ਜੋ ਉਸਨੇ ਉਸਨੂੰ ਦਿੱਤਾ ਸੀ, ਉਸ ਨੂੰ ਉੱਥੋਂ ਬਾਹਰ ਕੱਢਣ

ਲਈ। ਇਹ ਠੀਕ ਹੈ। ਉਹ ਉਸਨੂੰ ਉਸਦੀ ਜੇਲ੍ਹ ਵਿੱਚੋਂ ਲਿਆਇਆ। ਉਸਨੇ ਕੀ ਕੀਤਾ? ਜਿਵੇਂ ਹੀ ਉਹ ਉਸਨੂੰ ਉਸਦੀ ਜੇਲ੍ਹ ਤੋਂ ਲਿਆਇਆ, ਉਸਨੂੰ ਪਾਤਸ਼ਾਹ ਦੁਆਰਾ ਅਧਿਕਾਰ ਦਿੱਤਾ ਗਿਆ, ਉਸਦਾ ਪਾਤਸ਼ਾਹ, ਜਿਸਦੇ ਕੋਲ ਉਹ ਜਾ ਬੈਠਾ, ਜਿਸਦੇ ਹੇਠ ਉਹ ਸੀ। ਉਸਨੂੰ ਕੈਦਖਾਣੇ ਵਿੱਚੋਂ ਲਿਆਂਦਾ ਗਿਆ ਅਤੇ ਉਸਨੂੰ ਅਧਿਕਾਰ ਦਿੱਤਾ ਗਿਆ, ਇਸ ਲਈ, ਜੋ ਉਹ ਚਾਹੁੰਦਾ ਸੀ, ਉਹ ਹੁੰਦਾ ਸੀ। ਆਮੀਨ।

175 ਉਸਦੀ ਕੈਦ ਵਿੱਚ, ਉਸਨੇ ਨਿਰੰਤਰ ਯਾਦ ਰੱਖਿਆ, ਕਿ ਉਹ ਇੱਕ ਉਦੇਸ਼ ਲਈ ਪੈਦਾ ਹੋਇਆ ਸੀ। ਉਹ ਇੱਕ ਪਾਤਸ਼ਾਹ ਨਾਲ ਬੈਠਣ ਜਾ ਰਿਹਾ ਸੀ। ਉਨ੍ਹਾਂ ਵਿਚੋਂ ਬਾਕੀ ਸਾਰੇ ਉਸ ਅੱਗੇ ਗੋਡੇ ਟੇਕਣਗੇ। ਉਸ ਦੇ ਦਰਸ਼ਣ ਨੇ ਉਸਨੂੰ ਇਸ ਤਰ੍ਹਾਂ ਦੱਸਿਆ। ਆਮੀਨ। ਪਰੰਤੂ ਇਸ ਤੋਂ ਪਹਿਲਾਂ ਕਿ ਉਸਦਾ ਦਰਸ਼ਨ ਪੂਰੀ ਤਰ੍ਹਾਂ ਪੂਰਾ ਹੁੰਦਾ, ਉਸਨੂੰ ਇੱਕ ਕੈਦੀ ਬਣਨਾ ਸੀ। ਆਮੀਨ। ਅਤੇ ਫਿਰ ਉਹ ਇੱਕ ਹਾਕਮ ਬਣ ਗਿਆ। ਅਤੇ ਜਦੋਂ ਉਹ ਕੈਦਖਾਣੇ ਵਿੱਚੋਂ ਬਾਹਰ ਆਇਆ, ਅਤੇ ਪਰਮੇਸ਼ੁਰ ਦੇ ਵਚਨ ਦਾ ਕੈਦੀ ਬਣ ਗਿਆ, ਉਹ ਸਿਰਫ਼ ਉਹੀ ਕਹਿ ਸਕਦਾ ਸੀ ਜੋ ਪਰਮੇਸ਼ੁਰ ਉਸਦੇ ਮੂੰਹ ਵਿੱਚ ਬੋਲਣ ਲਈ ਰੱਖਦਾ ਸੀ, ਤਦ ਪਰਮੇਸ਼ੁਰ ਉਸ ਰਾਹੀਂ ਚੱਲਦਾ ਫਿਰਦਾ ਸੀ।

176 ਧਿਆਨ ਦਿਓ, ਕਿ ਮੂਸਾ ਕੋਲ ਫ਼ਿਰਊਨ ਦੇ ਸਰਦਾਰਾਂ ਨੂੰ ਬੰਨ੍ਹਣ ਦੀ ਸ਼ਕਤੀ ਸੀ, ਜਦੋਂ ਵੀ ਉਹ ਚਾਹੇ। "ਜੇ ਤੁਸੀਂ ਇਸ ਪਹਾੜ ਨੂੰ ਕਹੋ, 'ਹਟ ਜਾਹ।'" ਊਂ-ਹੂੰ, ਊਂ-ਹੂੰ। ਫਿਰਊਣ ਦੇ ਸਰਦਾਰਾਂ ਨੂੰ ਬੰਨ੍ਹਣ ਦੀ ਸ਼ਕਤੀ ਸੀ। ਭਾਵੇਂ ਉਹ ਡੀਕਨ ਸਨ, ਜਾਂ ਪ੍ਰੈਸਬਾਏਟਰ, ਜਾਂ ਰਾਜ ਦੇ ਨੁਮਾਇੰਦੇ ਜਾਂ ਜੋ ਵੀ ਉਹ ਸਨ। ਉਸ ਨੇ ਕਿਹਾ, "ਮੈਂ ਤੁਹਾਨੂੰ ਬੰਨ੍ਹਦਾ ਹਾਂ," ਅਤੇ ਉਹ ਬੰਨ੍ਹੇ ਹੋਏ ਸਨ। ਇਹੀ ਸੀ। ਉਹ ਇਸ ਨੂੰ ਆਪਣੇ ਸ਼ਬਦਾਂ ਨਾਲ, ਆਪਣੀ ਮਰਜੀ ਨਾਲ ਅਜਿਹਾ ਕਰ ਸਕਦਾ ਸੀ। ਆਮੀਨ। ਪਰਮੇਸ਼ੁਰ ਦੀ ਮਹਿਮਾ ਹੋਵੇ!

ਔਹ, ਮੇਰੇ ਕੋਲ ਸਿਰਫ ਤਿੰਨ ਮਿੰਟ ਬੱਚੇ ਹਨ, ਇਸ ਲਈ ਮੈਂ ਆਪਣੇ ਵਾਅਦੇ ਨੂੰ ਪੂਰਾ ਕਰਾਂਗਾ।

177 ਹੁਣ ਸਾਨੂੰ ਪਤਾ ਲੱਗਦਾ ਹੈ, ਕਿ ਉਹ—ਉਹ ਪਰਮੇਸ਼ੁਰ ਦਾ ਇੱਕ ਕੈਦੀ ਬਣ ਜਾਂਦਾ ਹੈ, ਇੱਕ ਸੰਸਾਰ ਦੇ ਕੈਦੀ ਤੋਂ। ਤੋਂ...ਪੌਲੁਸ, ਉਸੇ ਤਰੀਕੇ ਨਾਲ। ਅਤੇ ਮੂਸਾ, ਉਸੇ ਤਰ੍ਹਾਂ, ਉਸਦੀ ਆਪਣੀ ਸੋਚ ਦੀ ਕੈਦ ਤੋਂ, ਇੱਕ ਪਰਮੇਸ਼ੁਰ ਦਾ ਕੈਦੀ। ਅਤੇ ਜਦੋਂ ਉਹ ਬਾਹਰ ਆਉਂਦਾ ਹੈ, ਉਸ ਕੋਲ ਪਰਮੇਸ਼ੁਰ ਦੀ ਸ਼ਕਤੀ ਸੀ। ਅਤੇ ਜਦੋਂ ਉਹ ਪੌਲੁਸ ਬਣ ਗਿਆ...ਜਦੋਂ ਮੂਸਾ ਨੇ ਆਪਣੀ ਸੋਚ, ਉਸਨੇ ਇਸ ਨੂੰ ਸਮਪ੍ਰਪਿਤ ਕਰ ਦਿੱਤਾ, ਅਤੇ ਉਸ ਤੋਂ ਇਹ ਖੋਹ ਲਈ ਗਈ, ਉਹ

ਮਸੀਹ ਦੇ ਵਚਨ ਦਾ ਕੈਦੀ ਬਣ ਜਾਂਦਾ ਹੈ। ਸਿਰਫ ਉੱਥੇ ਜਾ ਸਕਦਾ ਸੀ ਜਿੱਥੇ ਵੀ…

ਤੁਸੀਂ ਕਹਿੰਦੇ ਹੋ, "ਮਸੀਹ?"

178 "ਉਸ ਨੇ ਮਸੀਹ ਦੇ ਨਮਿੱਤ ਨਿੰਦਿਆ ਜਾਣਾ ਮਿਸਰ ਦੇ ਖ਼ਜਾਨਿਆਂ ਨਾਲੋਂ ਚੰਗਾ ਜਾਣਿਆ।" ਇਸ ਲਈ ਉਹ ਮਸੀਹ ਦਾ ਕੈਦੀ ਸੀ, ਜਿਵੇਂ ਪੌਲੁਸ ਸੀ।

179 ਯਾਦ ਰੱਖੋ, ਇਹ ਤਿੰਨੋਂ ਨਬੀ ਸਨ। ਸਮਝੇ? ਅਤੇ ਉਨ੍ਹਾਂ ਨੂੰ ਆਪਣੀ ਸੋਚ ਨੂੰ ਛੱਡਣਾ ਪਿਆ, ਪਰਮੇਸ਼ੁਰ ਦੀ ਇੱਛਾ ਅਤੇ ਉਸਦੇ ਰਾਹਾਂ ਦਾ ਕੈਦੀ ਬਣਨ ਲਈ।

180 ਤਦ ਸਾਨੂੰ ਇਹ ਯਾਦ ਹੈ, ਹੁਣ, ਕਿ ਉਸ ਕੋਲ ਬੰਨ੍ਹਣ ਦੀ ਸ਼ਕਤੀ ਸੀ, ਉਸ ਦੇ ਆਪਣੇ ਸ਼ਬਦ ਨਾਲ। ਉਸ ਕੋਲ ਖੋਲਣ ਦੀ ਸ਼ਕਤੀ ਸੀ, ਉਸਦੇ ਆਪਣੇ ਸ਼ਬਦ ਨਾਲ। ਉਹ ਕਹਿ ਸਕਦਾ ਸੀ, "ਮੈਂ ਤੁਹਾਨੂੰ ਮੇਰੇ ਪਾਤਸ਼ਾਹ ਦੇ ਨਾਮ ਤੇ ਆਜਾਦ ਕਰਦਾ ਹਾਂ।" ਆਮੀਨ। ਫ਼ਿਰਊਨ ਨੇ ਯੂਸੁਫ਼ ਨੂੰ ਉਸਦਾ ਪੁੱਤਰ ਬਣਾਇਆ।

181 ਮਸੀਹ ਆਪਣੇ, ਪ੍ਰੇਮ ਦੇ ਕੈਦੀਆਂ ਨੂੰ, ਆਪਣੇ ਪੁੱਤਰ ਬਣਾਉਂਦਾ ਹੈ। ਅਤੇ ਉਹ ਉਨ੍ਹਾਂ ਨੂੰ ਅਧਿਕਾਰ ਦਿੰਦਾ ਹੈ, ਉਹੀ ਚੀਜ਼ ਜੋ ਉਸ ਕੋਲ ਸੀ। ਸੰਤ ਯੂਹੰਨਾ 14:12, "ਉਹ ਜੋ ਮੇਰੇ ਉੱਤੇ ਵਿਸ਼ਵਾਸ ਕਰਦਾ ਹੈ," ਵੇਖੋ, "ਉਹ ਕੰਮ ਜੋ ਮੈਂ ਕਰਦਾ ਹਾਂ ਉਹ ਵੀ ਕਰੇਗਾ। ਸਗੋਂ ਇਸ ਤੋਂ ਵੀ ਵੱਧ ਉਹ ਕਰੇਗਾ।" ਹੁਣ ਮਸੀਹ ਦੇ ਪ੍ਰੇਮ ਦਾ ਕੈਦੀ ਉਸਦੇ ਰਾਜੇ ਜੋ ਮਸੀਹ ਹੈ, ਦੁਆਰਾ ਤਾਕਤਵਰ ਬਣ ਜਾਂਦਾ ਹੈ। ਆਮੀਨ। "ਅਤੇ ਮੈਂ ਤੁਹਾਨੂੰ ਸੱਚ ਆਖਦਾ ਹਾਂ, ਜੇ ਤੁਸੀਂ ਇਸ ਪਹਾੜ ਨੂੰ ਕਹੋ, 'ਹੱਟ ਜਾ,' ਅਤੇ ਆਪਣੇ ਦਿਲ ਵਿੱਚ ਸ਼ੱਕ ਨਾ ਕਰੋ, ਪਰ ਵਿਸ਼ਵਾਸ ਕਰੋ ਕਿ ਜੋ ਤੁਸੀਂ ਕਿਹਾ ਹੈ ਉਹ ਪੂਰਾ ਹੋਵੇਗਾ, ਤੁਹਾਡੇ ਕੋਲ ਉਹ ਹੋਵੇਗਾ ਜੋ ਤੁਸੀਂ ਕਿਹਾ ਹੈ। ਜੇਕਰ ਤੁਸੀਂ ਮੇਰੇ ਵਿੱਚ ਰਹੋ, ਅਤੇ ਮੇਰਾ ਵਚਨ ਤੁਹਾਡੇ ਵਿੱਚ; ਜੇਕਰ ਤੁਸੀਂ ਮੇਰੇ ਨਾਲ ਜੁੜੇ ਹੋਏ ਹੋ," ਕਿਉਂਕਿ ਉਹ ਅਤੇ ਉਸਦਾ ਵਚਨ ਇੱਕੋ ਹਨ। "ਆਦ ਵਿੱਚ ਸ਼ਬਦ ਸੀ, ਅਤੇ ਸ਼ਬਦ ਪਰਮੇਸ਼ੁਰ ਦੇ ਨਾਲ ਸੀ। ਸ਼ਬਦ ਦੇਹਧਾਰੀ ਹੋਇਆ ਅਤੇ ਸਾਡੇ ਵਿਚਕਾਰ ਵਾਸ ਕੀਤਾ। ਕੱਲ੍ਹ, ਅੱਜ, ਅਤੇ ਸਦਾ ਲਈ ਇੱਕੋ ਜਿਹਾ! ਜੇਕਰ ਤੁਸੀਂ ਮੇਰੇ ਵਿੱਚ ਰਹੋ," *ਇੱਥੇ* ਅਤੇ *ਉੱਥੇ* ਨਹੀਂ, "ਮੇਰੇ ਵਿੱਚ ਰਹੋ, ਅਤੇ ਮੇਰਾ ਵਚਨ ਤੁਹਾਡੇ ਵਿੱਚ; ਤੁਸੀਂ ਜੋ ਚਾਹੋ ਮੰਗੋ, ਜਾਂ ਜੋ ਚਾਹੋ ਉਹ ਕਹੋ, ਇਹ ਤੁਹਾਡੇ ਲਈ ਕੀਤਾ ਜਾਵੇਗਾ।" ਉਸ ਕੋਲ ਅਧਿਕਾਰ ਸੀ।

182 ਧਿਆਨ ਦਿਓ, ਉਸ ਦੇ ਬਾਹਰ ਆਉਣ ਤੋਂ ਪਹਿਲਾਂ, ਉਸ ਨੂੰ ਬਾਹਰ ਕੱਢ ਕੇ ਉਸਦੀ ਹਜਾਮਤ ਕੀਤੀ ਜਾਣੀ ਸੀ। ਆਪਣੇ ਰਾਜੇ ਨੂੰ ਮਿਲਣ ਤੋਂ ਪਹਿਲਾਂ ਕੁਝ ਚੀਜ਼ਾਂ ਮੁੰਨ ਦਿੱਤੀਆਂ ਗਈਆਂ ਸਨ। ਸਮਝੇ?

183 ਔਹ, ਪਰਮੇਸ਼ੁਰ ਕਈ ਵਾਰੀ ਆਪਣੇ ਲੋਕਾਂ ਨੂੰ ਇਸ ਤਰ੍ਹਾਂ ਬਾਹਰ ਕੱਢਦਾ ਹੈ, ਅਤੇ ਉਹਨਾਂ ਦੀਆਂ ਕੁਝ ਕੁ ਇੱਛਾਵਾਂ ਮੁੰਨ ਦਿੰਦਾ ਹੈ, ਉਹਨਾਂ ਨੂੰ ਦਿਖਾਉਂਦਾ ਹੈ ਕਿ ਉਹ ਉਹੀ ਨਹੀਂ ਕਰ ਸਕਦੇ ਜੋ ਉਹ ਕਰਨਾ ਚਾਹੁੰਦੇ ਸਨ। ਤੁਹਾਨੂੰ ਪਤਾ ਹੈ ਮੇਰਾ ਕੀ ਮਤਲੱਬ ਹੈ। ਉਹ ਨਹੀਂ ਹਨ—ਉਹ ਅਜਿਹਾ ਕਰਨ ਦੀ ਆਜ਼ਾਦੀ ਵਿੱਚ ਨਹੀਂ ਹਨ ਜੋ ਉਹ ਕਰਨਾ ਚਾਹੁੰਦੇ ਹਨ। ਇਸ ਤੋਂ ਪਹਿਲਾਂ ਕਿ ਉਹ ਸੰਪੂਰਣ ਅਧਿਕਾਰ ਵਿੱਚ ਆ ਸਕਣ ਅਤੇ ਮਸੀਹ ਦੇ ਇੱਕ ਪ੍ਰੇਮੀ-ਦਾਸ ਬਣ ਸਕਣ, ਉਹਨਾਂ ਨੂੰ ਮੁੰਨ ਦਿੱਤਾ ਜਾਂਦਾ ਹੈ ਅਤੇ ਫਿਰ ਪੇਸ਼ ਕੀਤਾ ਜਾਂਦਾ ਹੈ। ਕਦੇ ਕਦੇ ਉਹ ਉਹਨਾਂ ਨੂੰ ਰੇਗਿਸਤਾਨ ਵਿੱਚ ਲੈ ਜਾਂਦਾ ਹੈ, ਅਜਿਹਾ ਕਰਨ ਲਈ, ਉਹਨਾਂ ਨੂੰ ਮੁੰਨਣ ਲਈ। ਅਤੇ ਫਿਰ ਉਹਨਾਂ ਨੂੰ ਬਾਹਰ ਲਿਆਉਂਦਾ ਹੈ, ਮਸਹ ਕੀਤੇ ਹੋਏ, ਉਸ ਮਕਸਦ ਨੂੰ ਪੂਰਾ ਕਰਨ ਲਈ ਜਿਸ ਲਈ ਉਸਨੇ ਉਹਨਾਂ ਨੂੰ ਨਿਯੁਕਤ ਕੀਤਾ ਸੀ। ਸਮਝੇ ਮੇਰਾ ਕੀ ਮਤਲਬ ਹੈ?

ਭਰਾਵੋ, ਅਸੀਂ ਅੰਤ ਦੇ ਸਮੇਂ ਵਿੱਚ ਹਾਂ।

184 ਯਾਦ ਰੱਖੋ, ਹਰੇਕ ਵਾਰ, ਉਸਨੇ ਕੀ ਕੀਤਾ। ਉਸਨੂੰ ਹਮੇਸ਼ਾਂ ਇੱਕ ਆਦਮੀ ਨੂੰ ਲੈ ਕੇ ਉਸਨੂੰ ਆਪਣੇ ਕੋਲ ਇੱਕ ਕੈਦੀ ਬਣਾਉਣਾ ਪਿਆ, ਆਪਣਿਆਂ ਨੂੰ ਤਿਆਗਣਾ ਪਿਆ। ਉਸ ਨੂੰ ਉਹ ਸਭ ਕੁਝ ਛੱਡਣਾ ਪਿਆ ਜੋ ਉਹ ਜਾਣਦਾ ਸੀ, ਆਪਣੀਆਂ ਸਾਰੀਆਂ ਸਿਖਲਾਈਆਂ ਭੁੱਲਣੀਆਂ ਪਈਆਂ, ਸਭ ਕੁਝ, ਪਰਮੇਸ਼ੁਰ ਦੀ ਇੱਛਾ ਨੂੰ ਜਾਣਨ ਲਈ, ਅਤੇ ਪਰਮੇਸ਼ੁਰ ਦੇ ਪਿੱਛੇ ਚੱਲਣ ਲਈ।

185 ਉਹ ਕਿਸੇ ਵੀ ਚੀਜ਼ ਪਿੱਛੇ ਨਹੀਂ ਜਾ ਸਕਦਾ ਜੋ ਮਨੁੱਖ ਨੇ ਕਰਨੀ ਹੈ, ਅਤੇ ਪਰਮੇਸ਼ੁਰ ਨੇ, ਇੱਕੋ ਸਮੇਂ ਤੇ। ਇਹ ਇੱਕ ਦੂਜੇ ਤੋਂ, ਬਹੁਤ ਉਲਟ ਹੈ। ਤੁਸੀਂ ਇੱਕੋ ਸਮੇਂ ਪੂਰਬ ਅਤੇ ਪੱਛਮ ਵਿੱਚ ਨਹੀਂ ਜਾ ਸਕਦੇ। ਤੁਸੀਂ ਇੱਕੋ ਸਮੇਂ ਸੱਜੇ ਅਤੇ ਖੱਬੇ ਨਹੀਂ ਜਾ ਸਕਦੇ ਹੋ। ਤੁਸੀਂ ਇੱਕੋ ਸਮੇਂ ਸਹੀ ਅਤੇ ਗਲਤ ਨਹੀਂ ਕਰ ਸਕਦੇ। ਤੁਸੀਂ ਇੱਕੋ ਸਮੇਂ ਮਨੁੱਖ ਅਤੇ ਪਰਮੇਸ਼ੁਰ ਦੇ ਪਿੱਛੇ ਨਹੀਂ ਚੱਲ ਸਕਦੇ। ਨਹੀਂ, ਸ਼੍ਰੀ ਮਾਨ। ਤੁਸੀਂ ਜਾਂ ਤਾਂ ਪਰਮੇਸ਼ੁਰ ਪਿੱਛੇ ਚੱਲ ਰਹੇ ਹੋ ਜਾਂ ਮਨੁੱਖ ਪਿੱਛੇ।

186 ਹੁਣ, ਜੇ, ਤੁਸੀਂ ਪਰਮੇਸ਼ੁਰ ਦੇ ਪਿੱਛੇ ਚੱਲ ਰਹੇ ਹੋ ਅਤੇ ਆਪਣੇ ਆਪ ਨੂੰ ਪਰਮੇਸ਼ੁਰ ਦੇ ਹਵਾਲੇ ਕਰ ਦਿੱਤਾ ਹੈ, ਫਿਰ ਤੁਸੀਂ ਉਸ ਪਰਮੇਸ਼ੁਰ ਦੇ, ਉਸ ਵਚਨ ਦੇ, ਉਸ ਇੱਛਾ ਦੇ ਕੈਦੀ ਬਣ ਜਾਂਦੇ ਹੋ। ਕੋਈ ਫਰਕ ਨਹੀਂ ਪੈਂਦਾ ਕਿ ਕੋਈ ਕੀ ਕਹਿੰਦਾ ਹੈ, ਤੁਸੀਂ ਇਸਦੇ ਲਈ ਇੱਕ—ਇੱਕ ਕੈਦੀ ਬਣ ਜਾਂਦੇ ਹੋ।

187 ਸੁਣੋ। ਅਸੀਂ ਅੰਤ ਦੇ ਸਮੇਂ ਤੇ ਹਾਂ। ਅਤੇ ਮੈਂ ਇਸ ਨੂੰ ਆਦਰ ਅਤੇ ਸਤਿਕਾਰ ਨਾਲ ਕਹਾਂਗਾ, ਜਿਵੇਂ ਆਖਰੀ ਦੋ ਮਿੰਟ ਲੰਘ ਰਹੇ ਹਨ। ਦੇਖੋ। ਪਰਮੇਸ਼ੁਰ, ਮੇਰੇ ਵਿਚਾਰ ਅਨੁਸਾਰ, ਕੀ ਕਰੇਗਾ ਅਤੇ ਕੀ ਕਰਨਾ ਚਾਹੀਦਾ ਹੈ, ਅਤੇ ਇਸ ਆਖਰੀ ਦਿਨ ਵਿੱਚ ਕੀ ਕਰੇਗਾ, ਵਾਢੀ ਲਈ ਇੱਕ ਸੰਦ ਲੱਭੇਗਾ। ਉਸਨੂੰ ਫਰਸ਼ ਨੂੰ ਕੁੱਟਣ ਲਈ, ਇੱਕ ਸੰਦ ਲੱਭਣਾ ਪਵੇਗਾ। ਕੋਈ ਵੀ ਕਿਸਾਨ, ਜਦੋਂ ਉਹ ਆਪਣੀ ਵਾਢੀ ਲਈ ਜਾਂਦਾ ਹੈ, ਉਸ ਕੋਲ ਇਸ ਨੂੰ ਕਰਨ ਲਈ ਇੱਕ ਸੰਦ ਹੋਣਾ ਚਾਹੀਦਾ ਹੈ; ਯਕੀਨਨ, ਉਸ ਕੋਲ ਅਨਾਜ ਨੂੰ ਬਾਹਰ ਕੱਢਣ ਲਈ ਇੱਕ ਤਿੱਖੀ ਦਾਤਰੀ ਜਾਂ ਕੋਈ ਚੀਜ਼, ਕੋਈ ਯੰਤਰ ਹੋਣਾ ਚਾਹੀਦਾ ਹੈ। ਅਤੇ ਫਸਲ ਪੱਕ ਚੁੱਕੀ ਹੈ।

188 ਪਰਮੇਸ਼ੁਰ, ਸਾਨੂੰ ਆਪਣੇ ਹੱਥ ਵਿੱਚ ਲੈ। ਸਾਨੂੰ ਆਪਣੇ ਪ੍ਰੇਮ ਦੇ ਬੰਧੂਏ-ਸੇਵਕ ਬਣਾ। ਸਾਨੂੰ ਸੰਦ ਦੇ ਵਾਂਗ ਇਸਤੇਮਾਲ ਕਰੋ, ਇਸ ਪਾਪੀ, ਸਰਾਪਿਤ ਧਰਤੀ ਨੂੰ ਜਿਸ ਵਿੱਚ ਅੱਜ ਅਸੀਂ ਰਹਿੰਦੇ ਹਾਂ ਅਹਿਸਾਸ ਕਰਾਉਣ ਲਈ, ਕਿ ਯਿਸੂ ਮਸੀਹ ਕੱਲ੍ਹ, ਅੱਜ, ਅਤੇ ਸਦਾ ਲਈ, ਇੱਕੋ ਜਿਹਾ ਹੈ।

189 ਆਪਣੇ ਲਈ, ਪਰਮੇਸ਼ੁਰ, ਮੈਨੂੰ ਇੱਕ ਕੈਦੀ ਹੋਣ ਦਿਓ। ਜੇ ਮੇਰੇ ਸਾਰੇ ਭਰਾ ਮੈਨੂੰ ਠੁਕਰਾ ਦਿੰਦੇ ਹਨ, ਜੇ ਮੇਰੇ ਸਾਰੇ ਦੋਸਤ ਮੈਨੂੰ ਠੁਕਰਾ ਦਿੰਦੇ ਹਨ, ਤਾਂ ਮੈਂ ਯਿਸੂ ਮਸੀਹ ਅਤੇ ਉਸਦੇ ਵਚਨ ਦਾ ਕੈਦੀ ਬਣਨਾ ਚਾਹੁੰਦਾ ਹਾਂ, ਤਾਂ ਜੋ ਮੈਂ ਉਸਦੇ ਵਚਨ ਨਾਲ ਜੋਇਆ ਜਾ ਸਕਾਂ, ਪਵਿੱਤਰ ਆਤਮਾ ਦੁਆਰਾ, ਪਵਿੱਤਰ ਆਤਮਾ ਦੁਆਰਾ ਪਰਮੇਸ਼ੁਰ ਦੇ ਵਚਨ ਨੂੰ ਉਹੀ ਗੱਲਾਂ ਦੁਆਰਾ ਪ੍ਰਮਾਣਿਤ ਕਰਦੇ ਹੋਏ ਵੇਖਣ ਲਈ ਜੋ ਉਸਨੇ ਕਿਹਾ ਕਿ ਕੀਤਾ ਜਾਵੇਗਾ। ਮੈਂ ਯਿਸੂ ਮਸੀਹ ਦਾ ਕੈਦੀ ਬਣਨਾ ਚਾਹੁੰਦਾ ਹਾਂ।

ਆਓ ਅਸੀਂ ਪ੍ਰਾਰਥਨਾ ਕਰੀਏ।

190 ਮੈਂ ਹੈਰਾਨ ਹਾਂ, ਅੱਜ ਰਾਤ, ਸਾਡੇ ਝੁਕੇ ਹੋਏ ਸਿਰਾਂ ਨਾਲ, ਜੇ ਉਹ ਅਭਿਲਾਸ਼ਾ ਜੋ ਸਾਡੇ ਕੋਲ ਹੈ, ਕੁਝ ਹੋਰ ਬਣਨ ਦੀ, ਜਾਂ ਸ਼ਾਇਦ ਕਿਸੇ ਅਜਿਹੀ ਚੀਜ਼ ਬਾਰੇ ਜੋ ਅਸੀਂ ਸੋਚ ਸਕਦੇ ਹਾਂ, ਇੱਕ ਸੁਆਰਥੀ ਚੀਜ਼, ਹੈਰਾਨ ਹਾਂ ਕਿ ਕੀ ਅਸੀਂ ਇਸ ਨੂੰ ਇਸ ਤਰ੍ਹਾਂ ਪਾਸੇ ਨਹੀਂ ਰੱਖ ਸਕਦੇ।

191 ਮੈਂ ਹੈਰਾਨ ਹਾਂ ਕਿ ਕੀ ਇੱਥੇ ਕੋਈ ਨੌਜਵਾਨ ਲੜਕਾ, ਅੱਜ ਰਾਤ, ਆਲੇ ਦੁਆਲੇ ਦੇਖੇ, ਕਹੇ, "ਮੈਂ ਹੋਣ ਜਾ ਰਿਹਾ ਹਾਂ, ਜਦੋਂ ਮੈਂ ਵੱਡਾ ਹੋ ਜਾਵਾਂਗਾ, ਮੈਂ ਇੱਕ ਫਲਾਣਾ-ਫਲਾਣਾ ਬਣਨ ਜਾ ਰਿਹਾ ਹਾਂ।" ਹੈਰਾਨ ਹਾਂ ਕਿ ਕੀ ਤੁਸੀਂ ਆਪਣੇ ਜੀਵਨ ਵਿੱਚ ਪਰਮੇਸ਼ੁਰ ਦੀ ਇੱਛਾ ਨੂੰ ਮਹਿਸੂਸ ਕਰ ਸਕਦੇ ਹੋ, ਅਤੇ ਕਹਿ ਸਕਦੇ ਹੋ, "ਨਹੀਂ, ਨਹੀਂ। ਊਂ-ਹੂੰ, ਊਂ-ਹੂੰ। ਮੈਂ—ਮੈਂ...ਹੁਣ ਮੇਰੀਆਂ ਇੱਛਾਵਾਂ ਖਤਮ ਹੋ ਗਈਆਂ ਹਨ। ਪਿਛਲੇ ਕੁਝ ਦਿਨਾਂ ਤੋਂ, ਪਵਿੱਤਰ ਆਤਮਾ ਮੇਰੇ ਨਾਲ

ਗੱਲ ਕਰ ਰਿਹਾ ਹੈ। ਮੈਂ—ਮੈਂ—ਮੈਂ—ਮੈਂ ਆਪਣੇ ਆਪ ਨੂੰ ਪਰਮੇਸ਼ੁਰ ਦੇ ਹਵਾਲੇ ਕਰਨਾ ਚਾਹੁੰਦਾ ਹਾਂ, ਇਸ ਆਖਰੀ ਦਿਨ ਦਾ ਇੱਕ ਮਾਰੂ ਹਥਿਆਰ ਬਣਨਾ ਚਾਹੁੰਦਾ ਹਾਂ।"

192 ਕੋਈ ਮੁਟਿਆਰ ਜਿਸ ਕੋਲ ਇੱਕ ਵਧੀਆ ਔਰਤ ਦੇ ਚਰਿੱਤਰ ਦੀ ਅਭਿਲਾਸ਼ਾ ਹੋ ਸਕਦੀ ਹੈ, ਜਾਂ—ਜਾਂ ਸ਼ਾਇਦ ਇੱਕ ਬਹੁਤ ਸੁੰਦਰ ਤੀਵੀਂ, ਜਾਂ ਹੋ ਸਕਦਾ ਹੈ ਕਿ ਕਿਸੇ ਦਿਨ ਹਾਲੀਵੁੱਡ ਨੂੰ ਆਪਣਾ ਪੇਸ਼ਾ ਬਣਾ ਸਕਦੀ ਹੈ, ਮੈਂ—ਮੈਂ ਹੈਰਾਨ ਹਾਂ ਕਿ ਕੀ ਤੁਸੀਂ ਹੁਣ ਪਰਮੇਸ਼ੁਰ ਅਤੇ ਉਸਦੇ ਵਚਨ ਦੀ ਹਜ਼ੂਰੀ ਵਿੱਚ ਆਪਣੀ ਅਭਿਲਾਸ਼ਾ ਨੂੰ ਸਮੱਰਪਿਤ ਕਰਨ ਲਈ ਤਿਆਰ ਨਹੀਂ ਹੋ, ਆਪਣੇ ਜੀਵਨ ਵਿੱਚ ਪਰਮੇਸ਼ੁਰ ਦੀ ਪੁਕਾਰ ਸੁਣੋ। ਪਰਮੇਸ਼ੁਰ ਜਾਣਦਾ ਹੈ ਕਿ ਤੁਸੀਂ ਕੌਣ ਹੋ।

193 ਮੈਂ ਹੈਰਾਨ ਹਾਂ ਕਿ ਕੀ ਉੱਥੇ ਕਿਤੇ ਕੋਈ ਸੇਵਕ, ਜਾਂ ਇੱਕ ਦਾਸ, ਇੱਕ ਕਰਮਚਾਰੀ ਕਲੀਸਿਯਾ ਵਿੱਚ ਹੋਵੇਗਾ। ਮੈਂ ਬਸ ਇੱਥੇ ਆਵਾਂਗਾ, ਕਦੇ ਕਦਾਈਂ। ਮੈਂ—ਮੈਂ ਇੱਥੇ ਬੈਠੇ ਇੱਕ-ਤਿਹਾਈ ਲੋਕਾਂ ਨੂੰ ਨਹੀਂ ਜਾਣਦਾ, ਅੱਜ ਰਾਤ, ਪਰ ਮੈਂ...ਇਹ ਥੋੜ੍ਹਾ ਜਿਹਾ ਮੁੱਠੀ ਭਰ ਜੋ ਇੱਥੇ ਹਨ। ਮੈਂ ਹੈਰਾਨ ਹਾਂ ਕਿ ਕੀ ਅਜਿਹਾ ਕੋਈ ਵਿਅਕਤੀ ਹੋਵੇਗਾ, ਜਿਸ ਨੂੰ ਤੁਸੀਂ ਇਹ ਕਹਿਣ ਲਈ ਤਿਆਰ ਹੋਵੋਗੇ, "ਮੈਨੂੰ ਕੋਈ ਪਰਵਾਹ ਨਹੀਂ ਕਿ ਕੋਈ ਕੀ ਕਹਿੰਦਾ ਹੈ। ਮੈਂ ਹੁਣ ਪਰਮੇਸ਼ੁਰ ਦਾ ਗੁਲਾਮ ਹਾਂ। ਮੈਂ—ਮੈਂ—ਮੈਂ ਉਸ ਦੇ ਵਚਨ ਦਾ ਪ੍ਰਚਾਰ ਕਰਨ ਜਾ ਰਿਹਾ ਹਾਂ, ਪਰਵਾਹ ਕੀਤੇ ਬਿਨਾਂ। ਮੈਨੂੰ ਪਰਵਾਹ ਨਹੀਂ ਕਿ, ਮੇਰੀ—ਮੇਰੀ ਸੰਸਥਾ ਮੈਨੂੰ ਬਾਹਰ ਕੱਢਦੀ ਹੈ, ਮੈਂ ਫਿਰ ਵੀ ਉਸ ਵਚਨ ਨਾਲ ਰਹਾਂਗਾ। ਮੈਂ—ਮੈਂ ਇਹ ਕਰਨ ਜਾ ਰਿਹਾ ਹਾਂ। ਮੇਰੀ ਇੱਛਾ ਪਰਮੇਸ਼ੁਰ ਦੀ ਇੱਛਾ ਹੈ। ਪਰਮੇਸ਼ੁਰ ਦੀ ਇੱਛਾ ਮੇਰੀ ਇੱਛਾ ਹੈ। ਮੈਂ ਯਿਸੂ ਮਸੀਹ ਲਈ ਇੱਕ ਕੈਦੀ ਬਣਨ ਜਾ ਰਿਹਾ ਹਾਂ। ਉਸਦੀ ਕਿਰਪਾ ਅਤੇ ਸਹਾਇਤਾ ਨਾਲ, ਮੈਂ ਇਹ ਕਰਾਂਗਾ।"

194 ਇਸ ਬਾਰੇ ਸੋਚੋ, ਜਦ ਕਿ ਸਾਡੇ ਸਿਰ ਝੁਕੇ ਹੋਏ ਹਨ। ਕਿੰਨਿਆਂ ਕੋਲ ਉਹ ਅਭਿਲਾਸ਼ਾ ਹੈ, ਅੱਜ ਰਾਤ? ਕੀ ਤੁਸੀਂ ਆਪਣਾ ਹੱਥ ਉਠਾਓਗੇ। ਮੇਰਾ ਵੀ, ਹੈ। ਮੈਂ ਸਭ ਸਮਰਪਿਤ ਕਰਦਾ ਹਾਂ। ਆਪਣੇ ਝੁਕੇ ਹੋਏ ਸਿਰਾਂ ਦੇ ਨਾਲ, ਹੁਣ ਸਹਿਜੇ ਨਾਲ, ਜਿਵੇਂ ਤੁਸੀਂ ਹੁਣ ਇਸ ਤੇ ਵਿਚਾਰ ਕਰ ਰਹੇ ਹੋ, ਜਿਵੇਂ ਤੁਸੀਂ ਪ੍ਰਾਰਥਨਾ ਕਰ ਰਹੇ ਹੋ।

ਮੈਂ ਸਭ ਸਮਰਪਿਤ ਕਰਦਾ ਹਾਂ,
ਮੈਂ ਸਭ ਸਮਰਪਿਤ ਕਰਦਾ ਹਾਂ,
ਸਭ ਕੁਝ ਤੈਨੂੰ, ਮੇਰੇ ਮੁਬਾਰਕ ਮੁਕਤੀਦਾਤਾ,
ਮੈਂ ਸਭ ਸਮਰਪਿਤ ਕਰਦਾ ਹਾਂ।

ਮੈਂ ਸਮਰਪਿਤ-...

195 ਕੀ ਤੁਹਾਡਾ ਸੱਚਮੁੱਚ ਇਹੀ ਮਤਲਬ ਹੈ? “ਮੈਂ ਇੱਕ ਕੈਦੀ ਬਣਨਾ ਚਾਹੁੰਦਾ ਹਾਂ।”

ਮੈਂ...

“ਮੈਨੂੰ ਲੈ ਜਾਓ, ਪ੍ਰਭੂ। ਅੱਜ ਰਾਤ ਮੈਨੂੰ ਘੁਮਿਆਰ ਦੇ ਘਰ ਲੈ ਜਾਓ। ਮੈਨੂੰ ਪੂਰਾ ਤੋੜ ਦਿਓ, ਅਤੇ ਮੈਨੂੰ ਦੁਬਾਰਾ ਬਣਾਓ...?...”

...ਤੇਰੇ ਲਈ, ਮੇਰੇ ਮੁਬਾਰਕ ਮੁਕਤੀਦਾਤਾ,
ਮੈਂ ਸਭ ਸਮਰਪਿਤ ਕਰਦਾ ਹਾਂ।

196 ਸਵਰਗੀ ਪਿਤਾ, ਜਿਵੇਂ ਗੀਤ ਚੱਲ ਰਿਹਾ ਹੈ, ਮੈਂ ਸੋਚਿਆ ਕਿ ਇਸ ਸਮੇਂ ਇਹ ਸਭ ਤੋਂ ਵੱਧ ਲਾਭਕਾਰੀ ਹੈ, ਕਿ ਮੈਂ—ਮੈਂ ਗੀਤ ਨੂੰ ਰੋਕਾਂ ਅਤੇ ਤੁਹਾਡੇ ਨਾਲ ਕੁਝ ਪਲ ਗੱਲ ਕਰਾਂ। ਜਿਵੇਂ ਲੋਕ ਸੋਚ ਰਹੇ ਹਨ, “ਮੈਂ ਸਭ ਸਮਰਪਿਤ ਕਰਦਾ ਹਾਂ,” ਪਿਤਾ, ਅਸੀਂ ਇਸਨੂੰ ਕਰੀਏ, ਇਸ ਤਰ੍ਹਾਂ ਜਿਵੇਂ ਇਹ ਕਰਨ ਦਾ ਸਾਡਾ ਆਖਰੀ ਮੌਕਾ ਹੈ। ਅਸੀਂ ਇਮਾਨਦਾਰੀ ਨਾਲ ਆਈਏ, ਪ੍ਰਭੂ ਦੇ ਮੇਜ਼ ਤੇ ਆਈਏ, ਜਿਵੇਂ ਇਹ ਸੀ, ਧੋਤੇ ਹੋਏ ਕੱਪੜੇ, ਧੋਤੀ ਹੋਈ ਆਤਮਾ, ਧੋਤੀ ਹੋਈ ਇੱਛਾ, ਧੋਤੀ ਹੋਈ ਅਭਿਲਾਸ਼ਾ ਨਾਲ, ਆਪਣੇ ਆਪ ਨੂੰ ਸਮਰਪਿਤ ਕਰਨ ਲਈ।

197 ਅਤੇ ਪਰਮੇਸ਼ੁਰ ਨੂੰ ਉਸਦਾ ਵਚਨ ਲਵੇ, ਸਾਨੂੰ ਇਸ ਨਾਲ ਜੋੜੇ, ਪਰਮੇਸ਼ੁਰ ਦੇ ਵਚਨ ਨਾਲ। ਅਤੇ ਹੁਣ ਪਵਿੱਤਰ ਆਤਮਾ ਸਾਨੂੰ ਲਵੇ, ਜਿਵੇਂ ਅਸੀਂ ਜੂਲੇ ਨੂੰ ਸਾਡੇ ਦਿਲਾਂ ਦੇ ਨੇੜੇ ਜੁੜਦੇ ਹੋਏ ਸੁਣਦੇ ਹਾਂ, “ਅੱਜ ਰਾਤ ਤੋਂ, ਮੈਂ ਤੁਹਾਨੂੰ ਤੁਹਾਡੇ ਵਚਨ ਤੇ ਲੈਂਦਾ ਹਾਂ। ਹੁਣ ਆਪਣੀ ਸੋਚ ਨਾ ਸੋਚੋ। ਮੇਰੇ ਵਿਚਾਰ ਸੋਚੋ। ਮੇਰੀ ਇੱਛਾ ਸੋਚੋ। ਮੈਂ ਤੁਹਾਡੀ ਅਗਵਾਈ ਕਰਾਂਗਾ।” ਪਰਮੇਸ਼ੁਰ, ਇਹ ਬਖਸ਼ੋ ਕਿ ਇਹ ਸਾਡੇ ਵਿੱਚੋਂ ਹਰੇਕ ਲਈ ਇੱਕ ਅਨੁਭਵ ਹੋਵੇ।

198 ਇੱਥੇ ਬੈਠੇ ਇਹ ਨੌਜਵਾਨ; ਪਤੀ ਅਤੇ ਪਤਨੀ; ਅਤੇ ਕੁਝ ਪਤੀ ਪਤਨੀ ਬਣਨ ਲਈ ਆਉਂਦੇ ਹਨ। ਇੱਥੇ ਬਜ਼ੁਰਗ ਬੈਠੇ ਹੋਏ ਹਨ, ਉਹ ਸੇਵਕ ਹਨ, ਸਫ਼ਰ ਵਿੱਚ ਨਾਲ ਰਹੇ ਹਨ। ਅਤੇ, ਪ੍ਰਭੂ, ਇੱਥੇ ਭਾਈ ਨੇਵਿਲ ਹੈ, ਮੈਂ, ਪੌੜੀ ਤੇ ਚੜ੍ਹ ਰਹੇ ਹਾਂ। ਸਾਡੇ ਦਿਨ ਹੁਣ ਗਿਣੇ ਜਾ ਚੁੱਕੇ ਹਨ। ਅਸੀਂ ਉਸ ਨਾਲੋਂ ਵੀ ਜਿਆਦਾ ਸਾਵਧਾਨੀ ਨਾਲ ਕਦਮ ਚੁੱਕਦੇ ਹਾਂ ਜਿਸ ਤਰ੍ਹਾਂ ਅਸੀਂ ਪਹਿਲੇ ਚੁੱਕਦੇ ਸੀ। ਅਸੀਂ ਦੇਖਦੇ ਹਾਂ ਕਿ ਅਸੀਂ ਕਿੱਥੇ ਕਦਮ ਰੱਖਦੇ ਹਾਂ। ਅਸੀਂ ਇੰਨੇ ਪੱਕੇ-ਪੈਰੀਂ ਨਹੀਂ ਰਹੇ, ਸਰੀਰਕ ਤੌਰ ਤੇ ਬੋਲ ਰਿਹਾ ਹਾਂ, ਜਿਵੇਂ ਅਸੀਂ ਪਹਿਲਾਂ ਹੁੰਦੇ ਸੀ। ਪਰ, ਪ੍ਰਭੂ, ਜਿਵੇਂ ਅਸੀਂ ਵੇਖਦੇ ਹਾਂ ਕਿ ਨਾਸ਼ਵਾਨ ਜੀਵਨ ਅਲੋਪ ਹੋ

ਰਿਹਾ ਹੈ, ਅਤੇ ਜਿਨਾਂ ਚਿਰ ਤੁਸੀਂ ਸਾਡੇ ਹੱਥ ਨਹੀਂ ਫੜ੍ਹਦੇ ਤਦ ਤਕ ਸਾਡਾ ਕੋਈ ਵੀ ਕਦਮ ਨਿਸਚਿਤ ਨਹੀਂ ਹੈ।

199 ਹੁਣ, ਪਰਮੇਸ਼ੁਰ, ਸਾਨੂੰ ਲੈ, ਕੀ ਤੁਸੀਂ ਲਵੋਂਗੇ? ਸਾਡੇ ਦਿਲਾਂ ਅਤੇ ਸਾਡੀ ਇੱਛਾ ਨੂੰ ਆਪਣੇ ਹੱਥਾਂ ਵਿੱਚ ਲੈ ਲਵੋ, ਅਤੇ ਸਾਨੂੰ ਕੈਦੀ ਬਣਨ ਦਿਓ, ਅੱਜ ਰਾਤ ਨੂੰ, ਵਚਨ ਲਈ, ਮਸੀਹ ਦੇ ਲਈ। ਅਸੀਂ ਇੱਥੇ ਪਵਿੱਤਰ ਜੀਵਨ ਬਤੀਤ ਕਰੀਏ। ਇਹ ਇਸਤਰੀਆਂ, ਇਹ ਮੁਟਿਆਰਾਂ, ਇਹ ਨੌਜਵਾਨ, ਲੜਕੇ ਅਤੇ ਲੜਕੀਆਂ, ਆਪਣੇ ਜੀਵਨ ਨੂੰ ਸਮੱਰਪਿਤ ਕਰ ਦੇਣ, ਪ੍ਰਭੂ। ਅਤੇ ਉਨ੍ਹਾਂ ਦੀ ਅਭਿਲਾਸ਼ਾ ਯਿਸੂ ਮਸੀਹ ਦੀ ਸੇਵਾ ਕਰਨ ਦੀ ਅਭਿਲਾਸ਼ਾ ਬਣ ਜਾਵੇ। ਅਤੇ ਅਸੀਂ ਉਸਦੀ ਪਰਮੇਸ਼ੁਰੀ ਕਿਰਪਾ ਅਤੇ ਇੱਛਾ ਦੇ ਕੈਦੀ ਬਣੀਏ। ਇਹ ਬਖਸ਼ ਦਿਓ, ਪ੍ਰਭੂ।

200 ਮੈਂ ਇਹ ਸਭ ਕਰਨਾ ਜਾਣਦਾ ਹਾਂ, ਪ੍ਰਭੂ। ਇਹ ਛੋਟੇ ਟੁੱਟੇ-ਫੁੱਟੇ ਸ਼ਬਦ, ਅਤੇ ਮੈਨੂੰ—ਮੈਨੂੰ ਭਰੋਸਾ ਹੈ ਕਿ ਤੁਸੀਂ ਉਹਨਾਂ ਨੂੰ ਜੋੜ ਦਿਓਗੇ, ਸਹੀ ਢੰਗ ਨਾਲ। ਕਿਉਂਕਿ, ਇੱਥੇ ਗਰਮੀ ਹੈ, ਅਤੇ ਲੋਕ ਸੁਣਨਾ ਚਾਹੁੰਦੇ ਹਨ, ਪਰ ਇੱਥੇ ਬਹੁਤ ਗਰਮੀ ਹੈ। ਅਤੇ ਕਈਆਂ ਨੇ ਘਰ ਜਾਣਾ ਹੈ ਅਤੇ ਜਲਦੀ ਕੰਮ ਤੇ ਜਾਣਾ ਪੈਂਦਾ ਹੈ। ਪਰ ਹੋਣ ਦੇ ਕਿ ਉਹ ਬੀਜ ਉਨ੍ਹਾਂ ਦੇ ਦਿਲ ਵਿੱਚ ਪੈ ਜਾਣ, "ਇੱਕ ਕੈਦੀ।"

201 ਘਰ ਜਾਉ ਅਤੇ ਪਤਨੀ ਨੂੰ ਕਹੋ, ਜਿਵੇਂ ਉਹ…ਇਸ ਤੋਂ ਪਹਿਲਾਂ ਕਿ ਉਹ ਹੇਠਾਂ ਉਤਰਨ ਅਤੇ ਪ੍ਰਾਰਥਨਾ ਕਰਨ ਲਈ ਤਿਆਰ ਹੋ ਜਾਣ, ਅੱਜ ਦੁਪਹਿਰ, ਜਾਂ ਅੱਜ ਸ਼ਾਮ, ਬਿਸਤਰੇ ਦੇ ਕੋਲ, ਇੱਕ ਦੂਜੇ ਵੱਲ ਦੇਖਣ, ਕਹਿਣ, "ਪਿਆਰੇ, ਅੱਜ ਰਾਤ, ਇਸ ਬਾਰੇ ਕੀ ਹੈ? ਕੀ ਅਸੀਂ ਸੱਚਮੁੱਚ ਮਸੀਹ ਅਤੇ ਉਸਦੀ ਇੱਛਾ ਦੇ ਕੈਦੀ ਬਣ ਗਏ ਹਾਂ, ਜਾਂ—ਜਾਂ ਅਸੀਂ ਆਪਣੀ ਮਰਜ਼ੀ ਨਾਲ ਕੰਮ ਕਰਦੇ ਹਾਂ?"

202 ਨੌਜਵਾਨ ਆਦਮੀ ਅਤੇ ਮੁਟਿਆਰਾਂ, ਹਰ ਜਗ੍ਹਾ, ਖਾਸ ਕਰਕੇ ਜਿਨ੍ਹਾਂ ਨੇ ਸੰਦੇਸ਼ ਸੁਣਿਆ ਹੈ, ਅੱਜ ਰਾਤ, ਆਪਣੇ ਆਪ ਨੂੰ ਉਹੀ ਸਵਾਲ ਪੁੱਛਣ, "ਕੀ ਮੈਂ ਇੱਕ ਕੈਦੀ ਬਣਨ ਲਈ ਤਿਆਰ ਹਾਂ, ਆਪਣੇ ਜੀਵਨ ਨੂੰ ਤਿਆਗ ਕੇ?"

203 "ਜਿਹੜਾ ਆਪਣੀ ਜਾਨ ਬਚਾਉਂਦਾ ਹੈ ਉਹ ਇਸਨੂੰ ਗੁਆਵੇਗਾ, ਪਰ ਜੋ ਮੇਰੀ ਖਾਤਰ ਆਪਣੀ ਜਾਨ ਗੁਆਵੇਗਾ, ਉਹ ਇਸਨੂੰ ਪਾਵੇਗਾ।" ਪਿਤਾ, ਅਸੀਂ ਜਾਣਦੇ ਹਾਂ, ਇਹ ਹੈ: ਤੁਹਾਡੇ ਲਈ ਕੈਦੀ ਬਣਨਾ, ਸਾਡੀਆਂ ਆਪਣੀਆਂ ਅਭਿਲਾਸ਼ਾਵਾਂ ਅਤੇ ਆਪਣੀਆਂ ਇੱਛਾਵਾਂ ਨੂੰ ਗੁਆਉਣਾ ਹੈ, ਫਿਰ ਸਾਡੇ ਕੋਲ ਅਨੰਤ ਜੀਵਨ ਹੋਵੇਗਾ। ਇਹ ਬਖਸ਼ ਦਿਓ, ਪ੍ਰਭੂ।

204 ਕੇਵਲ ਇੱਕ ਚੀਜ਼ ਜੋ ਮੈਂ ਜਾਣਦਾ ਹਾਂ, ਹੁਣ ਇਸਨੂੰ ਤੁਹਾਡੇ ਹੱਥ ਵਿੱਚ ਸੌਂਪਣਾ ਹੈ। ਅਤੇ ਇਹ ਫਲਦਾਇਕ ਬਣ ਜਾਵੇ ਅਤੇ ਆਖ਼ਰੀ-ਦਿਨ ਦੀ ਵਾਢੀ ਲਈ ਵੱਡੇ—ਵੱਡੇ ਸੰਦ ਲਿਆਵੇ, ਆਦਮੀ ਅਤੇ ਔਰਤਾਂ, ਲੜਕੇ ਅਤੇ ਲੜਕੀਆਂ, ਪਰਮੇਸ਼ੁਰ ਦੀ ਸੰਪੂਰਣ ਇੱਛਾ ਲਈ ਸਮੱਰਪਿਤ ਹੋ ਜਾਣ, ਅਤੇ ਯਿਸੂ ਮਸੀਹ ਦੇ ਕੈਦੀ ਬਣ ਜਾਣ, ਉਸਦੇ ਪ੍ਰੇਮ ਲਈ, ਮਸੀਹ ਲਈ ਇਸ਼ਵਰੀ ਪ੍ਰੇਮ ਦੀਆਂ ਬੇੜੀਆਂ ਨਾਲ ਜਕੜੇ ਜਾਣ। ਅਸੀਂ ਉਸ ਦੇ ਨਾਮ ਵਿੱਚ ਮੰਗਦੇ ਹਾਂ।

ਮੈਂ ਸਭ ਸਮਰਪਿਤ ਕਰਦਾ ਹਾਂ,

ਆਓ ਅਸੀਂ ਖੜ੍ਹੇ ਹੋਵਾਂਗੇ।

ਮੈਂ ਸਭ ਸਮਰਪਿਤ ਕਰਦਾ ਹਾਂ,<br>
ਸਭ ਤੇਰੇ ਲਈ, ਮੇਰੇ…?…

205 ਆਓ ਬਸ ਦੁਬਾਰਾ ਕਹੀਏ, ਆਪਣੀਆਂ ਅੱਖਾਂ ਬੰਦ ਕਰਕੇ ਅਤੇ ਹੱਥਾਂ ਨੂੰ ਉੱਪਰ ਕਰਕੇ।

ਮੈਂ ਸਭ ਸਮਰਪਿਤ ਕਰਦਾ ਹਾਂ,<br>
ਮੈਂ ਸਭ ਸਮਰਪਿਤ ਕਰਦਾ ਹਾਂ,<br>
ਸਭ ਤੇਰੇ ਲਈ, ਮੇਰੇ ਮੁਬਾਰਕ ਮੁਕਤੀਦਾਤਾ,<br>
ਮੈਂ ਸਭ ਸਮਰਪਿਤ ਕਰਦਾ ਹਾਂ।

206 ਹੁਣ, ਅਸੀਂ ਆਪਣੇ ਸਿਰ ਝੁਕਾਵਾਂਗੇ, ਅਤੇ ਸਮਾਪਤੀ ਡਾ ਗੀਤ ਗਾਏ ਜਾਣ ਤੋਂ ਪਹਿਲਾਂ, *ਆਪਣੇ ਨਾਲ ਯਿਸੂ ਦਾ ਨਾਮ ਲੈ ਜਾਓ*, ਮੈਂ ਇਹ ਪੁੱਛਣ ਜਾ ਰਿਹਾ ਹਾਂ ਕਿ—ਕਿ ਇਹ ਭਾਈ ਜੋ ਇੱਥੇ ਹੈ…ਮੈਂ ਉਸਦਾ ਨਾਮ ਭੁੱਲ ਗਿਆ ਹਾਂ। ਉਹ ਭੈਣ ਜਿਸ ਨੇ ਹਨੇਰੇ ਦੇ ਆਉਣ ਦੇ ਦਰਸ਼ਨ ਬਾਰੇ ਗਵਾਹੀ ਦਿੱਤੀ, ਜੋ ਠੀਕ ਹੋ ਗਈ ਸੀ। ਅਤੇ ਯਾਦ ਰੱਖੋ, ਪਿੱਛੇ ਵੇਖਦੇ ਹੋਏ, ਪਰਦਾ ਚਲਾ ਗਿਆ ਸੀ। ਉਸ ਦੀ ਨਿਹਚਾ ਨੇ ਅਜਿਹਾ ਕੀਤਾ। ਤੁਸੀਂ ਸਾਨੂੰ ਪ੍ਰਾਰਥਨਾ ਵਿੱਚ ਬਾਹਰ ਭੇਜੋ, ਕਿ ਤੁਸੀਂ ਕਰੋਗੇ, ਭਾਈ? ਅਤੇ ਸਾਡੇ ਉੱਤੇ ਪਰਮੇਸ਼ੁਰ ਦੀਆਂ ਅਸੀਸਾਂ ਮੰਗੋ।

## ਇੱਕ ਕੈਦੀ PUN63-0717

(A Prisoner)

ਭਾਈ ਵਿਲੀਅਮ ਮੈਰੀਅਨ ਬ੍ਰਨਹਾਮ ਦਾ ਇਹ ਸੰਦੇਸ਼, ਮੂਲ ਰੂਪ ਵਿਚ ਅੰਗ੍ਰੇਜ਼ੀ ਵਿਚ ਦਿੱਤਾ ਗਿਆ ਸੀ ਬੁੱਧਵਾਰ ਸ਼ਾਮ, 17 ਜੁਲਾਈ, 1963 ਨੂੰ, ਬ੍ਰਨਹਾਮ ਟੇਬਰਨੇਕਲ, ਜੈਫਰਸਨਵਿਲ, ਇੰਡਿਆਨਾ, ਸੰਯੁਕਤ ਰਾਜ ਅਮਰੀਕਾ ਵਿੱਚ ਪ੍ਰਚਾਰ ਕੀਤਾ ਗਿਆ, ਇਸ ਨੂੰ ਇਕ ਚੁੰਬਕੀ ਟੇਪ ਰਿਕਾਰਡਿੰਗ ਤੋਂ ਲਿਆ ਗਿਆ ਹੈ ਅਤੇ ਅੰਗਰੇਜ਼ੀ ਵਿਚ ਬਿਨਾਂ ਘਟਾਏ ਵਧਾਏ ਛਾਪਿਆ ਗਿਆ ਹੈ। ਇਹ ਪੰਜਾਬੀ ਅਨੁਵਾਦ ਵਾਇਸ ਆਫ਼ ਗੌਡ ਰਿਕਾਰਡਿੰਗਜ਼ ਦੁਆਰਾ ਛਾਪਿਆ ਅਤੇ ਵੰਡਿਆ ਗਿਆ ਸੀ।

PUNJABI

©2022 VGR, ALL RIGHTS RESERVED

Voice Of God Recordings, India Office
19 (New No: 28) Shenoy Road, Nungambakkam
Chennai 600 034, India
044 28274560 • 044 28251791
india@vgroffice.org

Voice Of God Recordings
P.O. Box 950, Jeffersonville, Indiana 47131 U.S.A.
www.branham.org

# ਕਾਪੀਰਾਈਟ ਨੋਟਸਿ

ਸਾਰੇ ਹੱਕ ਰਾਖਵੇਂ ਹਨ । ਇਹ ਕਤਿਾਬ ਨਜਿੀ ਵਰਤੋਂ ਜਾਂ ਯਸਿੂ ਮਸੀਹ ਦੇ ਸੁਭਸਮਚਾਰ ਦੇ ਪ੍ਰਸਾਰ ਵਾਸਤੇ ਮੁਫ਼ਤ ਵੰਡਣ ਲਈ, ਘਰੇਲੂ ਪ੍ਰਟਿਰ ਤੇ ਛਾਪੀ ਜਾ ਸਕਦੀ ਹੈ । ਇਹ ਕਤਿਾਬ ਵੋਇਸ ਆਫ ਗੋਡ ਰਕਿਾਰਡਗਿਜ® ਵਲੋਂ ਲਖਿਤੀ ਇਜਾਜ਼ਤ ਦੇ ਬਨਿਾ ਵੇਚੀ, ਵੱਡੇ ਪੈਮਾਨੇ ਤੇ ਦੁਬਾਰਾ ਛਾਪੀ, ਕਸਿੇ ਵੈਬਸਾਈਟ ਤੇ ਪੋਸਟ, ਕਸਿੇ ਰੀਟਰੀਵਲ ਸਸਿਟਮ ਤੇ ਸਟੋਰ, ਕਸਿੇ ਹੋਰ ਭਾਸ਼ਾ ਵਚਿ ਅਨੁਵਾਦ, ਜਾਂ ਪੈਸੇ ਦੀ ਮੰਗ ਲਈ ਨਹੀਂ ਵਰਤੀ ਜਾ ਸਕਦੀ ਹੈ । ਵਧੇਰੇ ਜਾਣਕਾਰੀ ਜਾਂ ਹੋਰ ਉਪਲੱਬਧ ਸਮਗਰੀ ਦੇ ਲਈ, ਕਰਿਪਾ ਕਰੇ ਸੰਪਰਕ ਕਰੋ:

Voice Of God Recordings
P.O. Box 950, Jeffersonville, Indiana 47131 U.S.A.
www.branham.org